A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 10 No: 234 Website : www.punjabiakhbaar.ca EmaiÍ: editor@punjabiakhbaar.ca Friday, 22 December 2023

# ਅਲਬਰਟਾ ਗੈਸ ਟੈਕਸ 2024 ਵਿਚ ਫਿਰ ਤੋਂ ਲੱਗਣਾ ਸ਼ੁਰੂ ਹੋ ਜਾਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਨੇ ਸੂਬੇ ਦੇ ਗੈਸ ਟੈਕਸ ਨੂੰ ਨਾ ਲਗਾਉਣ ਦੇ ਆਪਣੇ ਸਪਰਿੰਗ 2022 ਦੇ ਫੈਸਲੇ ਨੂੰ ਉਲਟਾ ਦਿੱਤਾ ਹੈ ਅਤੇ ਨਵੇਂ ਸਾਲ ਵਿੱਚ ਇਸਨੂੰ 9 ਸੈਂਟ ਪ੍ਰਤੀ ਲੀਟਰ ਦੇ ਹਿਸਾਬ ਨਾਲ ਵਾਪਸ ਲਿਆ ਰਹੀ ਹੈ। ਇਸ ਨੂੰ ਪਹਿਲਾਂ ਕਿਫਾਇਤੀ ਸੰਕਟ ਦੇ ਮੱਦੇਨਜ਼ਰ ਰਾਹਤ ਪ੍ਰਦਾਨ ਕਰਨ ਲਈ ਹਟਾ ਦਿੱਤਾ ਗਿਆ ਸੀ। ਇਹ ਟੈਕਸ ਤੇਲ ਦੀ ਕੀਮਤ ਨਾਲ ਜੁੜਿਆ ਹੋਇਆ ਹੈ, ਅਤੇ ਬੀਤੇ ਸਮਿਆਂ ਦੌਰਾਨ , ਉੱਚੀਆਂ ਕੀਮਤਾਂ ਨੇ ਸੂਬੇ ਨੂੰ ਟੈਕਸ ਘਟਾਉਣ ਲਈ ਕਾਫ਼ੀ ਮਾਲੀਆ ਪ੍ਰਦਾਨ ਕੀਤਾ ਸੀ।

ਮੌਜੂਦਾ ਨੀਤੀ ਕਹਿੰਦੀ ਹੈ ਕਿ ਜੇਕਰ ਵੈਸਟ ਟੈਕਸਾਸ ਇੰਟਰਮੀਡੀਏਟ ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 90 ਡਾਲਰ ਤੋਂ ਉੱਪਰ ਹੁੰਦੀਆਂ ਹਨ ਤਾਂ ਅਲਬਰਟਾ ਗੈਸ ਟੈਕਸ ਨਹੀਂ ਲਵੇਗਾ। ਪਰ ਇਸ ਸਮੇ, ਡਬਲਯੂ ਟੀ ਆਈ ਵੱਲੋਂ ਨਿਰਧਾਰਿਤ ਤੇਲ ਦੀ ਕੀਮਤ ਲਗਭਗ 70 ਡਾਲਰ ਪ੍ਰਤੀ ਬੈਰਲ ਹੈ, ਜਿਸ ਤੋਂ ਇਹੀ ਮਤਲਬ ਨਿਕਲਦਾ ਹੈ ਕਿ ਅਗਲੇ ਸਾਲ ਗੈਸ ਪੰਪਾਂ ਦੇ ਕੀਮਤਾਂ ਵਾਲੇ ਫੱਟਿਆਂ ਉੱਪਰ ਅਲਬਰਟਾ ਵਾਸੀਆਂ ਨੂੰ ਟੈਕਸ ਵੱਡੇ ਅੱਖਰਾਂ ਵਿੱਚ ਦਿਖਾਈ ਦੇਵੇਗਾ। ਕੈਨੇਡੀਅਨ ਟੈਕਸਪੇਅਰਜ਼ ਫੈਡਰੇਸ਼ਨ ਦੇ ਅਨੁਸਾਰ, ਗੈਸ ਟੈਕਸ ਹਟਾਏ ਜਾਣ ਨਾਲ, ਪਰਿਵਾਰਾਂ ਨੂੰ ਪ੍ਰਤੀ ਮਹੀਨਾ $70 ਦੀ ਬਚਤ ਹੁੰਦੀ ਹੈ।

ਇਸ ਹਫ਼ਤੇ, ਐਨਡੀਪੀ ਊਰਜਾ ਆਲੋਚਕ ਕੈਥਲੀਨ ਗੈਨਲੇ ਨੇ ਇਸ ਫੈਸਲੇ ਦੇ ਵਿਰੁੱਧ ਬੋਲਿਆ ਸੀ, ਉਹਨਾਂ ਕਿਹਾ ਕਿ ਹੁਣ ਲਾਗਤ ਬਚਾਉਣ ਦੀਆਂ ਕੋਸ਼ਿਸ਼ਾਂ ਨੂੰ ਉਲਟਾਉਣ ਦਾ ਸਮਾਂ ਨਹੀਂ ਹੈ।

ਫੈਡਰਲ ਸਰਕਾਰ 1 ਅਪ੍ਰੈਲ 2024 ਤੋਂ ਕਾਰਬਨ ਟੈਕਸ ਨੂੰ ਵਧਾ ਕੇ ਗੈਸ ‘ਤੇ 17 ਸੈਂਟ ਅਤੇ ਡੀਜ਼ਲ ‘ਤੇ 21 ਸੈਂਟ ਪ੍ਰਤੀ ਲੀਟਰ ਕਰ ਰਹੀ ਹੈ। ਉਸ ਵੇਲੇ ਗੈਸ ਪੰਪਾਂ ਉੱਪਰ ਜਾਣ ਉਸ ਵੇਲੇ ਹੋਰ ਵੀ ਦਰਦਮਈ ਹੋਵੇਗਾ।ਸਰਕਾਰਾਂ ਦੇ ਇਹ ਫੈਸਲੇ ਤਾਂ ਉਹਨਾਂ ਦੀਆਂ ਰਾਜਨੀਤਕ ਪਾਲਿਸੀਆਂ ਤਹਿਤ ਲੋਕਾਂ ਉੱਪਰ ਠੋਸ ਦਿੱਤੇ ਜਾਂਦੇ ਹਨ ਪਰ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਅਲਬਰਟਾ ਵਾਸੀ ਬੇ-ਰਾਹਤੇ ਮਹਿਸੂਸ ਕਰ ਰਹੇ ਹਨ।

# ਡਿੰਪਲ ਯਾਦਵ, ਥਰੂਰ, ਸੁਲੇ ਤੇ ਮਨੀਸ਼ ਤਿਵਾੜੀ ਸਣੇ 49 ਐੱਮਪੀ ਲੋਕ ਸਭਾ ਤੋਂ ਮੁਅੱਤਲ



ਇਨ੍ਹਾਂ ਸੰਸਦ ਮੈਂਬਰਾਂ ਨੂੰ ਕੀਤਾ ਗਿਆ ਮੁਅੱਤਲ

ਨਵੀ ਦਿੱਲੀ (ਪੰਜਾਬੀ ਅਖਬਾਰ ਬਿਊਰੋ)- ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵਿਰੁੱਧ ਕਾਰਵਾਈ ਦਾ ਸਿਲਸਿਲਾ ਜਾਰੀ ਹੈ। 49 ਹੋਰ ਸੰਸਦ ਮੈਂਬਰਾਂ ਨੂੰ ਲੋਕ ਸਭਾ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।ਕੇਂਦਰੀ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਲੋਕ ਸਭਾ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਦਾ ਪ੍ਰਸਤਾਵ ਰੱਖਿਆ, ਜਿਸ ਤੋਂ ਬਾਅਦ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਲੋਕ ਸਭਾ ਤੋਂ ਮੁਅੱਤਲ ਕਰ ਦਿੱਤਾ ਗਿਆ। ਇਨ੍ਹਾਂ ਵਿਚ ਸੰਸਦ ਮੈਂਬਰ ਸੁਪ੍ਰੀਆ ਸੁਲੇ, ਮਨੀਸ਼ ਤਿਵਾੜੀ, ਸ਼ਸ਼ੀ ਥਰੂਰ, ਮੁਹੰਮਦ ਫੈਜ਼ਲ, ਕਾਰਤੀ ਚਿਦੰਬਰਮ, ਸੁਦੀਪ ਬੰਧੋਪਾਧਿਆਏ, ਡਿੰਪਲ ਯਾਦਵ, ਦਾਨਿਸ਼ ਅਲੀ ਅਤੇ ਵਿਰੋਧੀ ਧਿਰ ਦੇ ਹੋਰ ਸੰਸਦ ਮੈਂਬਰ ਸ਼ਾਮਲ ਹਨ। ਲੋਕ ਸਭਾ ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਿਹਾ ਕਿ ਸਦਨ ਦੇ ਅੰਦਰ ਤਖ਼ਤੀਆਂ ਨਾ ਲਿਆਉਣ ਦਾ ਫੈਸਲਾ ਕੀਤਾ ਗਿਆ। ਉਹ ਹਾਲੀਆ ਚੋਣਾਂ ਹਾਰਨ ਤੋਂ ਬਾਅਦ ਨਿਰਾਸ਼ ਹੋ ਕੇ ਅਜਿਹੇ ਕਦਮ ਚੁੱਕ ਰਹੇ ਹਨ। ਇਸ ਲਈ ਅਸੀਂ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਦਾ ਪ੍ਰਸਤਾਵ ਲਿਆ ਰਹੇ ਹਾਂ।ਸੰਸਦ ਦੀ ਸੁਰੱਖਿਆ ਵਿੱਚ ਢਿੱਲ ਦੇਣ ਦੀ ਘਟਨਾ ਨੂੰ ਲੈ ਕੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸੰਸਦ ਦੇ ਦੋਵਾਂ ਸਦਨਾਂ ਚ ਹੰਗਾਮਾ ਕੀਤਾ ਸੀ। ਜਿਸ ਤੋਂ ਬਾਅਦ ਵਿਰੋਧੀ ਧਿਰ ਦੇ 78 ਮੈਂਬਰਾਂ ਨੂੰ ਲੋਕ ਸਭਾ ਤੇ ਰਾਜ ਸਭਾ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 14 ਸੰਸਦ ਮੈਂਬਰਾਂ ਨੂੰ ਮੁਅੱਤਲ ਕੀਤਾ ਗਿਆ ਸੀ। ਹਾਲਾਂਕਿ ਹੁਣ 49 ਹੋਰ ਸੰਸਦ ਮੈਂਬਰਾਂ ਖਿਲਾਫ ਕਾਰਵਾਈ ਕੀਤੀ ਗਈ ਹੈ।

ਪੰਜਾਬੀ ਅਖ਼ਬਾਰ
ਸਿੱਖ ਧਰਮ ਦੇ ਸ਼ਹਾਦਤਾਂ ਭਰੇ ਕੁਰਬਾਨੀ ਦੇ ਪ੍ਰਤੀਕ ਇਹਨਾਂ ਦਿਨਾਂ ਮੌਕੇ ਅਦਾਰਾ "ਪੰਜਾਬੀ ਅਖ਼ਬਾਰ" ਮਾਣ ਮਹਿਸੂਸ ਕਰਦਾ ਹੋਇਆ ਮੌਜੂਦਾ ਸਮੇ ਦੌਰਾਨ ਜ਼ੁਲਮ ਦੇ ਖਿਲਾਫ ਹਾਅ ਦਾ ਨਾਅਰਾ ਮਾਰਨ ਦੀ ਵਚਨਬੱਧਤਾ ਦੁਹਰਾਉਂਦਾ ਹੈ.
Call: 001 403 640 2000
Email: info@punjabiakhbaar.ca
READ EPAPER : www.punjabiakhbaar.ca
HARBANS BUTTAR CHIEF EDITOR

Barinder Ubhi Realtor
(204)807-5013
babbu_ubhi@yahoo.com
WIN MAX REAL ESTATE LTD
10-998 Keewatin St. Winnipeg, MB, R2R 2V1
P:(204) 905-9798

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Always Fresh Always Delicious
OPEN 11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

Starts From $1499
DENTAL IMPLANT
ਡੈਂਟਲ ਇੰਪਲਾਂਟ
NO OBLIGATION CONSULT
OUR DENTAL FEES ARE LOWER THAN ALBERTA FEE GUIDE
✓ WE ACCEPT ALL INSURANCES
✓ DIRECT BILLING TO INSURANCE
✓ FINANCING AVAILABLE
✓ NO OBLIGATION CONSULT
OPEN 7 DAYS A WEEK
NEW PATIENTS WELCOME
WALK-IN EMERGENCIES SEEN SAME DAY
DR. KHATTRA & ASSOCIATES
587-356-0555
#130 - 630 Redstone Dr NE, Calgary,AB
WWW.REDSTONESMILESDENTAL.COM
REDSTONE Smiles DENTAL
ਸਾਡਾ ਸਾਰਾ ਸਟਾਫ ਹਿੰਦੀ ਅਤੇ ਪੰਜਾਬੀ ਬੋਲਦਾ ਹੈ।
We speak Urdu, Punjabi and Hindi in addition to English.

Need an expert advice to find the mortgage that's right for you !
New to Canada
Purchase
Refinance
Home line of credit
Rental
Life insurance
Raj Mudhar
Mortgage Advisor
204.963.9481
raj.mudhar@vinegroup.ca
VINE GROUP MORTGAGE BROKERAGE

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

FOR YOUR ALL REAL ESTATE NEEDS
Amandeep Dhaliwal
REALTOR®
Cell 306-241-8501
ROYAL LEPAGE Saskatoon Real Estate

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW
Est. 1998
NO CLIENT IS TOO SMALL, NO MATTER TOO BIG
FOLLOW US @SHORYLAW
WWW.SHORYLAW.COM
• IMMIGRATION LAW
• CRIMINAL LAW
• FAMILY LAW
• REAL ESTATE LAW
• CIVIL LITIGATION
ਕਨੇਡੀਅਨ ਸਰਕਾਰ ਵਿੱਚ ਦੋ ਵਾਰ ਐਮ ਪੀ ਅਤੇ ਇੰਮੀਗ੍ਰੇਸ਼ਨ ਕਮੇਟੀ ਦੇ ਮੈਂਬਰ ਰਹੇ ਦਵਿੰਦਰ ਸ਼ੋਰੀ ਕੋਲੋਂ ਸੇਵਾਵਾਂ ਲੈਣ ਲਈ ਸੰਪਰਕ ਕਰੋ
403-216-1199
CONTACT@SHORYLAW.COM
220-4851 WESTWINDS DRIVE NE CALGARY, AB T3J 4L4



www.canadacommercialrealty.ca

# Francis Lee

Associate Broker / REALTOR ®

Cell: (403) 680-6130

O: (403) 278-8899

REALTOR

Canyon Creek

MaxWell

CANADA COMMERCIAL REAL ESTATE

**MaxWell Canyon Creek**

#203, 20 Sunpark Plaza SE Calgary, AB T2X 3T2

E-mail: francislee@canadacommercialrealty.ca

Maxwell Canyon Creek
Associate Broker
IC&I Full Commercial Member

Francis Lee is highly trained *Commercial Professional* providing outstanding services with clients looking for commercial properties and business

## ਦੇਖੋ,ਇਸ ਹਫਤੇ ਕਿੰਨੇ ਬਿਜਨਿਸ ਵਿਕਾਊ ਹਨ,ਜੇ ਚਾਹੋ ਤਾਂ ਤੁਸੀਂ ਵੀ ਕਨੇਡਾ ਵਿਚ ਬਿਜਨਿਸਮੈਨ ਬਣ ਸਕਦੇ ਹੋ!

**EXCEPTIONALLY WELL-LOCATED TRUCK STOP**

Asking: $36,000,000, Revenue 2022: $55,965,918 ,Gas Liter 2022 : 27,720,000 - - Comprises of a gas station, card lock, C - store, leased franchise restaurant with 16 Acres land which was s built in 2019 and additional 7 Acres development potential is significant.

APARTMENT & FULL-SERVICE FRANCHISE HOTEL

Asking: $21,500,000, Revenue (Rental: $1,252,560, Hotel: $2,944,266-88 rooms bachelor suite, 124 rooms of the hotel, 8 meeting rooms and leased out restaurant with 4.56 Acres land. - There is $1.8 billion project in this city

**HILTON FRANCHISE HOEL WITH LEASED REASTAURANT**

Asking: $17,500,000, Revenue: (2023: $4,024,601, 2022:$3,634,128, 121 Rooms, 3 meeting room and leased restaurant (9,000/m) situated 2.87 Acres which was built in 2015.

**BET WESTERN PLUS FRANCHISE HOTEL WITH LEASED RETAURANT**

Asking: $15,370,000, Revenue (2023: $3,973,637), NOI (2023: $1,396,000) - Four-storey limited-service hotel 105 guest rooms, pool with waterslide, a 5,250Sqft freestanding restaurant and 2.47 Acres land located at big city Alberta .

**RV PARK & SELF MINI STORAGE AND LEASED GAS STATION & LIQUOR STORE**

Asking: $14,900,000, Revenue 2022: $2,020,609, NOI 2022: $1,509,000 -Fully serviced, family run 151 RV PAD (75 units are year round) , 538 RV Storage, 106 self-storage , leased gas station & Liquor store and 2,000 Sqft bungalow house with 29.26Acres land at the gateway to the Rocky Mountains close to Calgary.

**GREAT CASH FLOW HOTEL IN CENTRAL AB**

Asking $14,790,000, Revenue 2022: $4,602,995 (Room: $4,287,453, Rental: $315,542) , 2023 :$3,952,342(11 months), NOI 2022 :$2,692,961 -138 room. Leased restaurant, Lounge and free-standing building Liquor store situated on 4.23 Acres land.

**STRONG CASH FLOW BEST WESTERN PLUS HOTEL**

Asking : $13,490,000, Revenue : (2022 : $3,279,814 ,2023 : $4,092,277,), NOI (2022 : $1,402,801, 2023 : $1,946,781) -96 guest rooms limit service hotel situated 2.54 Acres land which was built in 2013 .Thanks,

**BEST WESTERN PLUS HOTEL**

Asking: $12,700,000, Revenue (Year end March 31 2023: $3,168,812) NOI : $1,188,58388 rooms, 2 elevators with 3acres land which was built in 2013 located at very busy heavy major industry in major Hwy.

**FRANCHISE HOTEL AT RESORT AREA**

Asking: $13,250,000, Revenue (Year End April 30) 2022:$3,094,502 , 2023: $3,652,872 ,2023 January to October (10months) : $3,393,301 NOI 2022: $1,556,707, 2023 : $1,665,729

- 65-room, 2.48 Acres land with 93 paved parking stalls for the future extension which was built in 2018.
- Main economic influence is transportation, tourism & snow mobile and the ski resort is in the process of development.

**FULL-SERVICE FRANCHISE HOTEL**

Asking: $8,500,000, REVENUE 2023 till October (10 months) :$4,623,679( Room : $2,347,024, F&B : $566,298,Liquor store: $432,209, VLT :$1,073,647, Other: $204,501)

- Reflagged 132 guest room to Quality Hotel & Conference center in November 2021 , Game room 32 VLT Machine, leased out Ricky's restaurant, Sports Lounge, 9,000 Sqft meeting space , Liquor store and Two 6 bed room staff house .

**FRANCHISE HOTEL IN CENTRAL AB**

Asking : $5,490,000, Revenue 2022 : $1,033,093, 2023 (Jan to October ) :$989,103 Well built as Best Western standard in Four Storey 66 rooms and 2.35 Acres land hotel with very Highway exposure.

**HOTEL IN CENTRAL AB**

Asking : $3,890,00, Revenue(2022: $855,855) , NOI (2022 : $372,310) - Well maintained 2 storey 45 Rooms hotel that was built in 1999 with 2.95 Acres land located at on Hwy #13 well established city in Central AB .

**FULL SERVICE HOTEL**

Asking : $1,790,000, Revenue 2021 :$1,306,089 , 2022 :$1,452,753 NOI : 2021 : $208,006, 2022 :$236,991 , 62 ROOM, Restaurant , Lounge with 2.892 Acres located at Northern Albera. Owner operation potential will be significant since it has been operated by GM and the owner's cost is over $5m.

**MOTEL WITH LEASED RESTAURANT IN SK (NEW)**

-Asking: $2,430,000, Revenue(2022:$652,618,2021:$778,400), NOI (2022:$357,999),50 Guest Rooms, leased 98 Seat Restaurant and 2.79Acres land located in north west Saskatchewan.

**CAR WASH IN BIG CITY AB**

Asking : $4,950,000,Revenue (2021 : $919,410,2022 : $858,461, 2023 : $892,021) -10 Barn type bay, 2 Auto Bay that was replaced with brand new in 2021. -All of equipment have been well maintained like brand new car wash.

**FRANCHISE CAMPGROUND IN 1000 ISLAND ON**

Asking: $5,750,000),( Revenue : 2022:$1,134,069, NOI :$552,900) - 138 site including 10 Cabins plus 2,370sqft house with 87.68 Acres land which was built in 1999 and the extra land devel opments potential is significant.

**GAS STATION & CAR WASH**

Asking : $2,400,000, Revenue 2022:$3,769,237, NOI 2022:$337,652 -Gas station, C Store, Touchless & wand Car Wash with 2.69 Acres land that was built in 2004 and renovated in 2013 located at the intersection of 2 highways.

**LIQUOR STORE NEAR CALGARY**

Asking : $590,000, Revenue 2021 : $1,839,711, 2022 : $1,762,152, 2023 : $1,758,709 Gross margin : 2021 : $406,531, 2022 : $393,922, 2023 : $356,754 Size: 2,460 Sqft, Lease term : till April 30, 2020and 5 years option.



# ਸ਼੍ਰੋਮਣੀ ਅਕਾਲੀ ਦਲ ਨੇ ਖਾਲਸਾ ਹਲਕਾ ਇੰਚਾਰਜ ਲਗਾਕੇ ਟਕਸਾਲੀ ਅਕਾਲੀ ਪਰਿਵਾਰ ਦਾ ਮਾਣ ਵਧਾਇਆ ਹੈ-ਹਰਪ੍ਰੀਤ ਸਿੰਘ ਮੱਲੀ


ਵਿਕਰਮਜੀਤ ਸਿੰਘ ਖਾਲਸਾ    ਹਰਪ੍ਰੀਤ ਸਿੰਘ ਮੱਲੀ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਆਉਂਦੀਆਂ ਲੋਕ ਸਭਾ ਚੋਣਾਂ ਲਈ ਹਲਕਾ ਫਤਿਹਗੜ੍ਹ ਸਾਹਿਬ ਤੋਂ ਸ: ਬਿਕਰਮਜੀਤ ਸਿੰਘ ਖਾਲਸਾ ਨੂੰ ਹਲਕਾ ਇੰਚਾਰਜ ਲਗਾਏ ਜਾਣ ਉਪਰੰਤ ਦੇਸ਼ ਵਿਦੇਸ਼ ਵਿੱਚ ਵੀ ਖੁਸ਼ੀ ਦੀ ਲਹਿਰ ਹੈ। ਐਡਮਿੰਟਨ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜੁਝਾਰੂ ਵਰਕਰ ਹਰਪ੍ਰੀਤ ਸਿੰਘ ਮੱਲੀ ਨੇ ਇਸ ਨਿਯੁਕਤੀ ਉਪਰੰਤ ਹੌਂਸਲਮਈ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸ: ਬਿਕਰਮਜੀਤ ਸਿੰਘ ਖਾਲਸਾ ਨੂੰ ਵਧਾਈ ਦਿੰਦੇ ਹੋਏ ਆਖਿਆ ਕਿ ਅਸੀਂ ਤਾਂ ਹੁਣ ਤੋਂ ਹੀ ਪੂਰੇ ਤਨ,ਮਨ,ਧਨ ਨਾਲ ਤਿਆਰੀਆਂ ਖਿੱਚ ਦਿੱਤੀਆਂ ਹਨ। ਲੋਕ ਸਭਾ ਚੋਣਾ ਵੇਲੇ ਤੱਕ ਸ: ਬਿਕਰਮਜੀਤ ਸਿੰਘ ਖਾਲਸਾ ਦੀ ਚੋਣ ਮੁਹਿੰਮ ਨੂੰ ਜਿੱਤ ਦੇ ਨਤੀਜਿਆਂ ਵਿੱਚ ਬਦਲ ਦੇਵਾਂਗੇ। ਪਾਰਟੀ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦੇ ਹੋਏ ਹਰਪ੍ਰੀਤ ਸਿੰਘ ਮੱਲੀ ਨੇ ਆਖਿਆ ਕਿ ਸ: ਬਿਕਰਮਜੀਤ ਸਿੰਘ ਖਾਲਸਾ ਦੀ ਨਿਯੁਕਤੀ ਨੇ ਇਸ ਗੱਲ ਉੱਪਰ ਪੱਕੀ ਮੋਹਰ ਲਗਾ ਦਿੱਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਦਰ ਟਕਸਾਲੀ ਪਰਿਵਾਰਾਂ ਦਾ ਪੂਰਾ ਮਾਣ ਕਾਇਮ ਹੈ। ਸ: ਬਿਕਰਮਜੀਤ ਸਿੰਘ ਖਾਲਸਾ ਦੇ ਪਿਤਾ ਸ: ਬਸੰਤ ਸਿੰਘ ਖਾਲਸਾ ਨੇ ਐਮਰਜੈਂਸੀ ਮੋਰਚੇ ਦੇ ਪਹਿਲੇ ਦਿਨ 3 ਜੁਲਾਈ 1975 ਨੂੰ ਸ: ਪ੍ਰਕਾਸ਼ ਸਿੰਘ ਬਾਦਲ ਦੇ ਜਥੇ ਨਾਲ ਗ੍ਰਿਫਤਾਰੀ ਦਿੱਤੀ ਸੀ। ਇਸ ਮੌਕੇ ਉਸ ਜਥੇ ਵਿੱਚ ਸ: ਆਤਮਾ ਸਿੰਘ,ਜਥੇਦਾਰ ਜਗਦੇਵ ਸਿੰਘ ਤਲਵੰਡੀ,ਜਥੇਦਾਰ ਗੁਰਚਰਨ ਸਿੰਘ ਟੌਹੜਾਅਤੇ ਮੋਹਨ ਸਿੰਘ ਤੁੜ ਜਿਹੇ ਟਕਸਾਲੀ ਅਕਾਲੀ ਸਾਮਿਲ ਸਨ। ਇਸ ਮੌਕੇ ਉਹਨਾਂ ਨਾਲ ਕੁਲਵਿੰਦਰ ਸਿੱਧੂ,ਰਾਣਾ ਬੀਹਲਾ,ਅਮਨਦੀਪ ਗਿੱਲ,ਮਹਾਂਵੀਰ ਗਿੱਲ,ਕਰਨਵੀਰ ਸਿੰਘ ਮੱਲੀ, ਅਤੇ ਹੋਰ ਬਹੁਤ ਸਾਰੇ ਪਾਰਟੀ ਵਰਕਰ ਮੌਜੂਦ ਸਨ।

# ਟਰੱਕ ਡਰਾਈਵਰ ਵੀਰਾਂ ਵੱਲੋਂ ਗੁਰੂਘਰ ਵਿਖੇ 22ਵੇ ਧਾਰਮਿਕ ਸਮਾਗਮ ਦੇ ਭੋਗ 31 ਦਸੰਬਰ ਦੀ ਰਾਤ ਨੂੰ ਪਾਏ ਜਾਣਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਤਰਾਂ ਇਸ ਸਾਲ ਵੀ ਕੈਲਗਰੀ ਦੇ ਸਮੂਹ ਟਰੱਕਾਂ ਵਾਲੇ ਵੀਰਾਂ ਵੱਲੋਂ, ਆਪਣੀ ਨੇਕ ਕਿਰਤ ਕਮਾਈ ਵਿੱਚੋਂ ਨਵੇਂ ਸਾਲ ਦੇ ਸੰਬੰਧ ਵਿੱਚ ਅਤੇ ਅਕਾਲ ਪੁਰਖ ਦੇ ਸ਼ੁਕਰਾਨੇ ਵਿੱਚ,ਸਹਿਜ਼ ਪਾਠ 24 ਦਸੰਬਰ 2023 ਦਿਨ ਐਤਵਾਰ ਸ਼ਾਮ ਨੂੰ 7 ਵਜੇ ਆਰੰਭ ਕਰਵਾਏ ਜਾਣਗੇ ਅਤੇ 31 ਦਸੰਬਰ ਦੀ ਰਾਤ ਨੂੰ 12 ਵਜੇ 2024 ਨੂੰ ਨਵੇਂ ਸਾਲ ਦਾ ਸੁਆਗਤ ਕਰਦਿਆਂ ਗੁਰਦੁਆਰਾ ਸਾਹਿਬ ਦਸਮੇਸ਼ ਕਲਚਰ ਸੈਂਟਰ ਕੈਲਗਰੀ ਵਿਖੇ ਭੋਗ ਪਾਏ ਜਾਣਗੇ । 30, 31 ਅਤੇ 1 ਜਨਵਰੀ 2024 ਨੂੰ ਲੰਗਰਾਂ ਦੀ ਸੇਵਾ ਵੀ ਟਰੱਕ ਡਰਾਇਵਰ ਵੀਰਾਂ ਵੱਲੋਂ ਹੈ। ਸੋ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਂ ਕੱਢ ਕੇ ਇਹਨਾਂ ਦਿਨਾਂ ਵਿੱਚ ਗੁਰੂ ਘਰ ਹਾਜਰੀ ਲਵਾਉ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।ਇਹਨਾਂ ਸਮਾਗਮਾਂ ਸਬੰਧੀ ਹੋਰ ਜਾਣਕਾਰੀ ਲਈ (403) 589 9648 ,(403) 831-8600,(403) 870-7496, (403) 466-6642, (403) 477-7060, (403) 434-0036 ਨੰਬਰਾਂ ਉੱਪਰ ਫੋਨ ਕਰ ਸਕਦੇ ਹੋ।

# ਸਕੂਲੀ ਬੱਚਿਆਂ ਨੂੰ ਭੋਜਨ ਵੰਡਣ ਵਾਲੀ ਸੰਸਥਾ ਇੱਕ ਮਿਲੀਅਨ ਡਾਲਰ ਇਕੱਠੇ ਕਰਨ ਦਾ ਟੀਚਾ ਰੱਖਦੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਚੈਰਿਟੀ ਨਾਲ ਚੱਲਣ ਵਾਲੀ ਸੰਸਥਾ ਬਰਾਊਨ ਬੈਗਿੰਗ ਫਾਰ ਕੈਲਗਰੀ ਕਿਡਜ਼ ਇਸ ਛੁੱਟੀਆਂ ਦੇ ਸੀਜ਼ਨ ਵਿੱਚ ਵੱਧਦੀ ਮੰਗ ਅਤੇ ਵੱਧਦੇ ਭੋਜਨ ਦੇ ਖਰਚਿਆਂ ਨੂੰ ਜਾਰੀ ਰੱਖਣ ਦੀ ਕੋਸ਼ਿਸ਼ ਵਿੱਚ 1



ਮਿਲੀਅਨ ਇਕੱਠੇ ਕਰਨ ਦੀ ਉਮੀਦ ਕਰ ਰਹੀ ਹੈ। ਕੈਲਗਰੀ ਦੇ ਬੱਚਿਆਂ ਲਈ ਬ੍ਰਾਊਨ ਬੈਗਿੰਗ ਹਰ ਸਕੂਲੀ ਦਿਨ 6,500 ਤੋਂ ਵੱਧ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਖਵਾਉਂਦੀ ਹੈ, ਪਰ ਸੰਸਥਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਚਿੰਤਾ ਵਾਲੀ ਗੱਲ ਹੈ ਕਿ ਉਹ ਹਰ ਮਹੀਨੇ ਸੌ ਜਾਂ ਇਸ ਤੋਂ ਵੀ ਵੱਧ ਬੱਚਿਆਂ ਨੂੰ ਪ੍ਰੋਗਰਾਮ ਵਿੱਚ ਦਾਖਲ ਹੁੰਦੇ ਦੇਖ ਰਹੇ ਹਨ। ਬਰਾਊਨ ਬੈਗਿੰਗ ਫਾਰ ਕੈਲਗਰੀ ਕਿਡਜ਼ ਦੇ ਕਾਰਜਕਾਰੀ ਨਿਰਦੇਸ਼ਕ ਬੈਥਨੀ ਰੌਸ ਦਾ ਕਹਿਣਾ ਹੈ ਕਿ ਏਜੰਸੀ ਕੈਲਗਰੀ ਦੇ 75 ਪ੍ਰਤੀਸ਼ਤ ਤੋਂ ਵੱਧ ਸਕੂਲਾਂ ਵਿੱਚ ਬੱਚਿਆਂ ਨੂੰ ਭੋਜਨ ਵੰਡਦੀ ਹੈ। ਪਰ ਸਾਨੂੰ ਇਹ ਪੂਰੀ ਤਰ੍ਹਾਂ ਦੂਹਰਾ ਝਟਕਾ ਲੱਗਾ ਹੈ, ਕਿ ਭੋਜਨ ਦੀ ਲੋੜ ਵਾਲੇ ਬੱਚਿਆਂ ਦੀ ਗਿਣਤੀ ਵੀ ਵੱਧ ਗਈ ਹੈ ਅਤੇ ਭੋਜਨ ਦੀਆਂ ਕੀਮਤਾਂ ਵੀ ਵੱਧ ਗਈਆਂ ਹਨ। ਅਸੀਂ ਇਸ ਸਾਲ 1 ਮਿਲੀਅਨ ਦੇ ਕਰੀਬ ਫੰਡ ਇਕੱਠਾ ਕਰਨ ਦਾ ਟੀਚਾ ਰੱਖ ਰਹੇ ਹਾਂ, ਤੁਹਾਡਾ ਦਿੱਤਾ ਛੋਟੇ ਤੋਂ ਛੋਟਾ ਦਾਨ ਵੀ ਕਿਸੇ ਬੱਚੇ ਦੇ ਮੂੰਹ ਤੱਕ ਭੋਜਨ ਦੀ ਬੁਰਕੀ ਲੈਜਾਣ ਵਿੱਚ ਸਹਾਈ ਸਿੱਧ ਹੁੰਦਾ ਹੈ। ਜੇ ਇੱਕ ਦਾਨੀ ਵਿਅਕਤੀ ਜੋ ਇੱਕ ਵਾਰ 5 ਜਾਂ 10 ਡਾਲਰ ਦਾਨ ਕਰਦਾ ਹੈ,ਤਾਂ ਇਸਦਾ ਮਤਲਬ ਹੈ ਕਿ ਉਹ ਦੋ ਬੱਚਿਆਂ ਲਈ ਲੰਚ ਖਰੀਦਣ ਜਾ ਰਿਹਾ ਹੈ, ਇੱਕ ਦੁਪਹਿਰ ਦੇ ਖਾਣੇ ਨੂੰ ਖਰੀਦਣ, ਬਣਾਉਣ ਅਤੇ ਡਿਲੀਵਰ ਕਰਨ ਦੀ ਲਾਗਤ ਸਾਢੇ ਤਿੰਨ ਡਾਲਰ ਦੇ ਕਰੀਬ ਹੈ। ਇਸ ਲਈ ਇਹ ਕਹਿ ਲਈਏ ਕਿ ਹਰ ਦਾਨ ਇਹ ਯਕੀਨੀ ਬਣਾਉਣ ਵਿੱਚ ਇੱਕ ਫਰਕ ਪਾਉਂਦਾ ਹੈ ਕਿ ਬੱਚਿਆਂ ਨੂੰ ਪੌਸ਼ਟਿਕ ਭੋਜਨ ਮਿਲੇ।
















The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2024




## ਜਨਵਰੀ JANUARY

| | | | | | |
|---|---|---|---|---|---|
| ਐਤ | | 7 | 14 | 21 | 28 |
| ਸੋਮ | 1 | 8 | 15 | 22 | 29 |
| ਮੰਗਲ | 2 | 9 | 16 | 23 | 30 |
| ਬੁੱਧ | 3 | 10 | 17 | 24 | 31 |
| ਵੀਰ | 4 | 11 | 18 | 25 | |
| ਸ਼ੁੱਕਰ | 5 | 12 | 19 | 26 | |
| ਸ਼ਨੀ | 6 | 13 | 20 | 27 | |

## ਫਰਵਰੀ FEBRUARY

| | | | | | |
|---|---|---|---|---|---|
| ਐਤ | | 4 | 11 | 18 | 25 |
| ਸੋਮ | | 5 | 12 | 19 | 26 |
| ਮੰਗਲ | | 6 | 13 | 20 | 27 |
| ਬੁੱਧ | | 7 | 14 | 21 | 28 |
| ਵੀਰ | 1 | 8 | 15 | 22 | 29 |
| ਸ਼ੁੱਕਰ | 2 | 9 | 16 | 23 | |
| ਸ਼ਨੀ | 3 | 10 | 17 | 24 | |

## ਮਾਰਚ MARCH

| | | | | | |
|---|---|---|---|---|---|
| ਐਤ | 31 | 3 | 10 | 17 | 24 |
| ਸੋਮ | | 4 | 11 | 18 | 25 |
| ਮੰਗਲ | | 5 | 12 | 19 | 26 |
| ਬੁੱਧ | | 6 | 13 | 20 | 27 |
| ਵੀਰ | | 7 | 14 | 21 | 28 |
| ਸ਼ੁੱਕਰ | 1 | 8 | 15 | 22 | 29 |
| ਸ਼ਨੀ | 2 | 9 | 16 | 23 | 30 |

## ਅਪ੍ਰੈਲ APRIL

| | | | | | |
|---|---|---|---|---|---|
| ਐਤ | | 7 | 14 | 21 | 28 |
| ਸੋਮ | 1 | 8 | 15 | 22 | 29 |
| ਮੰਗਲ | 2 | 9 | 16 | 23 | 30 |
| ਬੁੱਧ | 3 | 10 | 17 | 24 | |
| ਵੀਰ | 4 | 11 | 18 | 25 | |
| ਸ਼ੁੱਕਰ | 5 | 12 | 19 | 26 | |
| ਸ਼ਨੀ | 6 | 13 | 20 | 27 | |

## ਮਈ MAY

| | | | | | |
|---|---|---|---|---|---|
| ਐਤ | | 5 | 12 | 19 | 26 |
| ਸੋਮ | | 6 | 13 | 20 | 27 |
| ਮੰਗਲ | | 7 | 14 | 21 | 28 |
| ਬੁੱਧ | 1 | 8 | 15 | 22 | 29 |
| ਵੀਰ | 2 | 9 | 16 | 23 | 30 |
| ਸ਼ੁੱਕਰ | 3 | 10 | 17 | 24 | 31 |
| ਸ਼ਨੀ | 4 | 11 | 18 | 25 | |

## ਜੂਨ JUNE

| | | | | | |
|---|---|---|---|---|---|
| ਐਤ | 30 | 2 | 9 | 16 | 23 |
| ਸੋਮ | | 3 | 10 | 17 | 24 |
| ਮੰਗਲ | | 4 | 11 | 18 | 25 |
| ਬੁੱਧ | | 5 | 12 | 19 | 26 |
| ਵੀਰ | | 6 | 13 | 20 | 27 |
| ਸ਼ੁੱਕਰ | | 7 | 14 | 21 | 28 |
| ਸ਼ਨੀ | 1 | 8 | 15 | 22 | 29 |

## ਜੁਲਾਈ JULY

| | | | | | |
|---|---|---|---|---|---|
| ਐਤ | | 7 | 14 | 21 | 28 |
| ਸੋਮ | 1 | 8 | 15 | 22 | 29 |
| ਮੰਗਲ | 2 | 9 | 16 | 23 | 30 |
| ਬੁੱਧ | 3 | 10 | 17 | 24 | 31 |
| ਵੀਰ | 4 | 11 | 18 | 25 | |
| ਸ਼ੁੱਕਰ | 5 | 12 | 19 | 26 | |
| ਸ਼ਨੀ | 6 | 13 | 20 | 27 | |

## ਅਗਸਤ AUGUST

| | | | | | |
|---|---|---|---|---|---|
| ਐਤ | | 4 | 11 | 18 | 25 |
| ਸੋਮ | | 5 | 12 | 19 | 26 |
| ਮੰਗਲ | | 6 | 13 | 20 | 27 |
| ਬੁੱਧ | | 7 | 14 | 21 | 28 |
| ਵੀਰ | 1 | 8 | 15 | 22 | 29 |
| ਸ਼ੁੱਕਰ | 2 | 9 | 16 | 23 | 30 |
| ਸ਼ਨੀ | 3 | 10 | 17 | 24 | 31 |

## ਸਤੰਬਰ SEPTEMBER

| | | | | | |
|---|---|---|---|---|---|
| ਐਤ | 1 | 8 | 15 | 22 | 29 |
| ਸੋਮ | 2 | 9 | 16 | 23 | 30 |
| ਮੰਗਲ | 3 | 10 | 17 | 24 | |
| ਬੁੱਧ | 4 | 11 | 18 | 25 | |
| ਵੀਰ | 5 | 12 | 19 | 26 | |
| ਸ਼ੁੱਕਰ | 6 | 13 | 20 | 27 | |
| ਸ਼ਨੀ | 7 | 14 | 21 | 28 | |

## ਅਕਤੂਬਰ OCTOBER

| | | | | | |
|---|---|---|---|---|---|
| ਐਤ | | 6 | 13 | 20 | 27 |
| ਸੋਮ | | 7 | 14 | 21 | 28 |
| ਮੰਗਲ | 1 | 8 | 15 | 22 | 29 |
| ਬੁੱਧ | 2 | 9 | 16 | 23 | 30 |
| ਵੀਰ | 3 | 10 | 17 | 24 | 31 |
| ਸ਼ੁੱਕਰ | 4 | 11 | 18 | 25 | |
| ਸ਼ਨੀ | 5 | 12 | 19 | 26 | |

## ਨਵੰਬਰ NOVEMBER

| | | | | | |
|---|---|---|---|---|---|
| ਐਤ | | 3 | 10 | 17 | 24 |
| ਸੋਮ | | 4 | 11 | 18 | 25 |
| ਮੰਗਲ | | 5 | 12 | 19 | 26 |
| ਬੁੱਧ | | 6 | 13 | 20 | 27 |
| ਵੀਰ | | 7 | 14 | 21 | 28 |
| ਸ਼ੁੱਕਰ | 1 | 8 | 15 | 22 | 29 |
| ਸ਼ਨੀ | 2 | 9 | 16 | 23 | 30 |

## ਦਸੰਬਰ DECEMBER

| | | | | | |
|---|---|---|---|---|---|
| ਐਤ | 1 | 8 | 15 | 22 | 29 |
| ਸੋਮ | 2 | 9 | 16 | 23 | 30 |
| ਮੰਗਲ | 3 | 10 | 17 | 24 | 31 |
| ਬੁੱਧ | 4 | 11 | 18 | 25 | |
| ਵੀਰ | 5 | 12 | 19 | 26 | |
| ਸ਼ੁੱਕਰ | 6 | 13 | 20 | 27 | |
| ਸ਼ਨੀ | 7 | 14 | 21 | 28 | |

## ੨੦੨੪

✚ ਦਸਮੀਂ ● ਸੰਗ੍ਰਾਂਦ ■ ਮੱਸਿਆ ★ ਪੂਰਨਮਾਸ਼ੀ ⬟ ਪੰਚਮੀ

### ਤਿਉਹਾਰ ਅਤੇ ਛੁੱਟੀਆਂ ਦਾ ਵੇਰਵਾ

| | |
|---|---|
| 13 ਜਨਵਰੀ | ਲੋਹੜੀ |
| 14 ਜਨਵਰੀ | ਮਾਘੀ / ਮਕਰ ਸਕਰਾਂਤੀ |
| 17 ਜਨਵਰੀ | ਪ੍ਰਕਾਸ਼ ਪੁਰਵ ਗੁਰੂ ਗੋਬਿੰਦ ਸਿੰਘ |
| 23 ਜਨਵਰੀ | ਜਨਮ ਦਿਵਸ ਸੁਭਾਸ਼ ਚੰਦਰ ਬੋਸ |
| 26 ਜਨਵਰੀ | ਗਣਤੰਤਰ ਦਿਵਸ |
| 30 ਜਨਵਰੀ | ਸ਼ਹੀਦੀ ਦਿਵਸ |
| 14 ਫਰਵਰੀ | ਬਸੰਤ ਪੰਚਮੀ |
| 24 ਫਰਵਰੀ | ਜਨਮ ਦਿਨ ਭਗਤ ਰਵੀਦਾਸ ਜੀ |
| 8 ਮਾਰਚ | ਸ਼ਿਵਰਾਤਰੀ |
| 23 ਮਾਰਚ | ਸ਼ਹੀਦੀ ਦਿਹਾੜਾ ਭਗਤ ਸਿੰਘ |
| 25 ਮਾਰਚ | ਹੋਲੀ |
| 29 ਮਾਰਚ | ਗੁੱਡ ਫਰਾਈਡੇ |
| 11 ਅਪ੍ਰੈਲ | ਈਦ ਉਲ ਫਿਤਰ |
| 13 ਅਪ੍ਰੈਲ | ਵਿਸਾਖੀ |
| 14 ਅਪ੍ਰੈਲ | ਜਨਮ ਦਿਨ ਡਾ. ਬੀ.ਆਰ. ਅੰਬੇਦਕਰ |
| 17 ਅਪ੍ਰੈਲ | ਰਾਮ ਨੌਵੀਂ |
| 21 ਅਪ੍ਰੈਲ | ਮਹਾਬੀਰ ਜੈਯੰਤੀ |
| 01 ਮਈ | ਮਈ ਦਿਹਾੜਾ |
| 10 ਮਈ | ਪਰਸ਼ੂਰਾਮ ਜੈਯੰਤੀ |
| 23 ਮਈ | ਬੁੱਧ ਪੂਰਨਿਮਾ |
| 10 ਜੂਨ | ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ |
| 17 ਜੂਨ | ਈਦ ਉਲ ਜੁਹਾ |
| 22 ਜੂਨ | ਕਬੀਰ ਜੈਯੰਤੀ |
| 31 ਜੁਲਾਈ | ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ |
| 15 ਅਗਸਤ | ਸੁਤੰਤਰਤਾ ਦਿਵਸ |
| 19 ਅਗਸਤ | ਰੱਖੜੀ |
| 26 ਅਗਸਤ | ਜਨਮ ਅਸ਼ਟਮੀ |
| 05 ਸਤੰਬਰ | ਅਧਿਆਪਕ ਦਿਵਸ |
| 02 ਅਕਤੂਬਰ | ਗਾਂਧੀ ਜੈਯੰਤੀ |
| 03 ਅਕਤੂਬਰ | ਅਗਰਸੈਨ ਜੈਯੰਤੀ |
| 12 ਅਕਤੂਬਰ | ਦੁਸ਼ਹਿਰਾ |
| 17 ਅਕਤੂਬਰ | ਬਾਲਮੀਕ ਜੈਯੰਤੀ |
| 01 ਨਵੰਬਰ | ਦੀਵਾਲੀ |
| 02 ਨਵੰਬਰ | ਵਿਸ਼ਵਕਰਮਾ ਦਿਵਸ ਤੇ ਗੋਵਰਧਨ ਪੂਜਾ |
| 03 ਨਵੰਬਰ | ਭਾਈ ਦੂਜ |
| 14 ਨਵੰਬਰ | ਬਾਲ ਦਿਵਸ |
| 15 ਨਵੰਬਰ | ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ |
| 16 ਨਵੰਬਰ | ਸ਼ਹੀਦ ਦਿਹਾੜਾ ਕਰਤਾਰ ਸਿੰਘ ਸਰਾਭਾ |
| 06 ਦਸੰਬਰ | ਸ਼ਹੀਦੀ ਦਿਹਾੜਾ ਗੁਰੂ ਤੇਗ ਬਹਾਦਰ ਜੀ |
| 17 ਦਸੰਬਰ | ਪੈਨਸ਼ਨਰ ਦਿਵਸ |
| 25 ਦਸੰਬਰ | ਕ੍ਰਿਸਮਸ ਡੇਅ |
| 26 ਦਸੰਬਰ | ਜਨਮ ਦਿਹਾੜਾ ਸ਼ਹੀਦ ਊਧਮ ਸਿੰਘ |
| | ਸ਼ਹੀਦੀ ਜੋੜ ਮੇਲਾ ਫਤਿਹਗੜ੍ਹ ਸਾਹਿਬ |

# ਅਰਪਨ ਲਿਖਾਰੀ ਸਭਾ ਦੀ ਮਾਸਿਕ ਇੱਕਤਰਤਾ ਮਾਤਾ ਗੁਜ਼ਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਅਰਪਨ ਲਿਖਾਰੀ ਸਭਾ ਦੀ ਦਸੰਬਰ ਮਹੀਨੇ ਦੀ ਮੀਟਿੰਗ ਡਾ. ਜੋਗਾ ਸਿੰਘ, ਅਤੇ ਬੀਬੀ ਗੁਰਨਾਮ ਕੌਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਭਰਵੇਂ ਇੱਕਠ ਵਿਚ ਹੋਈ। ਸਕੱਤਰ ਜਰਨੈਲ ਸਿੰਘ ਤੱਗੜ ਨੇ ਸਟੇਜ ਸੰਭਾਲਦਿਆਂ ਇਕੱਤਰ ਹੋਏ ਸਾਹਿਤਕਾਰਾਂ ਅਤੇ ਸਾਹਿਤ ਰਸੀਆਂ ਨੂੰ ਜੀ ਆਇਆਂ ਆਖਿਆ। ਜ਼ਿੰਦਗੀ ਦੇ ਦੁੱਖਾਂ ਸੁੱਖਾਂ ਦੀ ਬਾਤ ਪਾਉਂਦਿਆਂ ਓ.ਕੇ. ਜਨਰਲ ਫੂਡ ਸਟੋਰ ਕੈਲਗਰੀ ਦੇ ਸ: ਸੰਪੂਰਨ ਸਿੰਘ ਅਤੇ ਬੀਬੀ ਹਰਭਜਨ ਕੌਰ ਚੱਠਾ ਦੇ ਨੌਜੁਆਨ ਸਪੁੱਤਰ ਅਮਨਦੀਪ (ਦੀਪਾ) ਦੀ ਬੇਵਕਤੀ ਮੌਤ, ਰੈੱਡ ਐੱਫ਼ ਐਮ ਰੇਡੀਓ ਦੇ ਨਿਊਜ਼ ਡਾਇਰੈਕਟਰ ਰਿਸ਼ੀ ਨਾਗਰ ਦੀ ਮਾਤਾ ਸੁਦਰਸ਼ਨ ਨਾਗਰ ਜੀ, ਅਤੇ ਪ੍ਰਸਿੱਧ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦੇ ਵਿਛੋੜੇ ਦੀਆਂ ਖ਼ਬਰਾਂ ਸਾਂਝੀਆਂ ਕੀਤੀਆਂ ਗਈਆਂ। ਸਭਾ ਵੱਲੋਂ ਸ਼ੋਕ ਮਤਾ ਪਾਇਆ ਗਿਆ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ, ਪਰਿਵਾਰਾਂ ਨਾਲ ਹਮਦਰਦੀ ਅਤੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਅੱਜ ਦੀ ਮੀਟਿੰਗ ਕੌਮ ਦੇ ਮਹਾਨ ਸ਼ਹੀਦਾਂ ਮਾਤਾ ਗੁਜ਼ਰੀ ਜੀ ਅਤੇ ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਰਹੀ। ਉੱਭਰ ਰਹੇ ਕਵੀ ਅਮਰਪ੍ਰੀਤ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਵਾਰਤਾ ਨੂੰ ਕਵੀਸ਼ਰੀ ਰੰਗ ਵਿਚ ਪੇਸ਼ ਕਰਕੇ ਕੀਤਾ। ਬੁਲੰਦ ਅਵਾਜ਼ ਦੇ ਮਾਲਕ ਸੁਖਵਿੰਦਰ ਸਿੰਘ ਤੂਰ ਨੇ ਰਣਜੀਤ ਬਾਵਾ ਦਾ ਗਾਇਆ ਅਤੇ ਟਿਵਾਣਾ ਦਾ ਲਿਖਿਆ 'ਕਰਬਾਨੀ' ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ।ਬੀਬੀ ਗੁਰਨਾਮ ਕੌਰ ਨੇ ਬਹੁਤ ਹੀ ਸੀਮਤ ਸਮੇਂ ਵਿੱਚ ਸਿੱਖ ਇਤਿਹਾਸ ਦੇ ਖ਼ੂਨੀ ਪੰਨਿਆਂ ਨੂੰ ਅਤੇ ਸ਼ਹਾਦਤਾਂ ਦੇ ਸਫ਼ਰ ਨੂੰ ਬਹੁਤ ਹੀ ਭਾਵਪੂਰਤ ਸ਼ਬਦਾਂ ਵਿਚ ਸਾਂਝਾ ਕਰਕੇ ਉਸ ਸਮੇਂ ਦੀ ਹਕੂਮਤ ਦੇ ਜ਼ਬਰ ਜੁਲਮਾਂ ਤਸਵੀਰ ਪੇਸ਼ ਕਰ ਦਿੱਤੀ। ਡਾ. ਹਰਮਿੰਦਰਪਾਲ ਸਿੰਘ ਨੇ ਗੀਤ 'ਮਾਤਾ ਲਾਲਾਂ ਨੂੰ ਜਗਾਵੇ ਨਾਲੇ ਘੋੜੀਆਂ ਵੀ ਗਾਵੇ' ਸੁਣਾਇਆ ਤਾਂ ਸਰੋਤੇ ਭਾਵੁਕ ਹੋ ਗਏ। ਸੰਗੀਤਕ ਦੇ ਮਾਹਰ ਡਾ. ਜੋਗਾ ਸਿੰਘ ਸਿਹੋਤਾ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਇੱਕ ਬਹੁਤ ਹੀ ਮਕਬੂਲ ਗੀਤ 'ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ' ਨਾਲ ਹੀ ਭਾਈ ਨੰਦ ਲਾਲ ਗੋਇਆ ਦੀ ਇੱਕ ਨਜ਼ਮ, ਜਿਸ ਦਾ ਪੰਜਾਬੀ ਵਿਚ ਦਰਸ਼ਣ ਸਿੰਘ ਕੋਮਲ ਜੀ ਦਾ ਕੀਤਾ ਅਨੁਵਾਦ ਵੀ ਸਾਜਾਂ ਨਾਲ ਪੇਸ਼ ਕੇ ਨਿਹਾਲ ਕੀਤਾ। ਕਹਾਣੀਕਾਰਾ ਗੁਰਚਰਨ ਕੌਰ ਥਿੰਦ ਨੇ ਇਸ ਇਤਿਹਾਸਕ ਸਾਕੇ ਨੂੰ ਉਨੀ ਸੌ ਚੁਰਾਸੀ ਦੇ ਸਾਕੇ ਨਾਲ ਜੋੜ ਕੇ ਵਿਚਾਰ ਪੇਸ਼ ਕੀਤੇ। ਨਾਲ ਹੀ ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਦੀ ਪੰਜਾਬ ਵਿਚਲੀ ਹਾਲਤ ਤੇ ਚਿੰਤਾਂ ਜ਼ਾਹਿਰ ਕਰਦਿਆਂ ਆਖਿਆ ਕਿ ਪੰਜਾਬੀ ਬੋਲੀ ਨੂੰ ਜਿਉਂਦਾ ਰੱਖਣ ਲਈ ਸਾਨੂੰ ਕੁੱਝ ਹੋਰ ਸਾਰਥਕ ਉਪਰਾਲਿਆਂ ਦੀ ਲੋੜ ਹੈ।ਬੀਬੀ ਬਲਜੀਤ ਕੌਰ ਹੁੰਦਲ ਨੇ ਚਮਕੌਰ ਦੇ ਜੰਗ ਵਿੱਚ ਵੱਡੇ ਸਾਹਿਬਜ਼ਾਦਿਆਂ (ਅਜੀਤ ਸਿੰਘ ਅਤੇ ਜੁਝਾਰ ਸਿੰਘ) ਦਾ ਬਹਾਦਰੀ ਨਾਲ ਦੁਸ਼ਮਣ ਦੇ ਟਾਕਰੇ ਦਾ ਦ੍ਰਿਸ਼ ਆਪਣੀ ਕਵਿਤਾ ਰਾਹੀਂ ਪੇਸ਼ ਕੀਤਾ।ਗੁਰਮੀਤ ਕੌਰ ਸਰਪਾਲ ਨੇ ਛੋਟੇ ਸਾਹਿਜ਼ਾਦਿਆਂ ਦੇ ਨੀਹਾਂ ਵਿਚ ਚਿਣੇ ਜਾਣ ਦੀ ਦਾਸਤਾਨ ਪੇਸ਼ ਕੀਤੀ। ਇਕਬਾਲ ਖ਼ਾਨ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦਿਆਂ ਲੋਕਾਂ ਨੂੰ ਜ਼ਬਰ ਜੁਲਮ ਦੇ ਖਿਲਾਫ਼ ਲਾਮਬੰਦ ਹੋਣ ਦਾ ਸੱਦਾ ਦਿੰਦੀ ਕਵਿਤਾ ਪੇਸ਼ ਕੀਤੀ।ਲਖਵਿੰਦਰ ਸਿੰਘ ਜੌਹਲ ਨੇ ਸਿੱਖ ਇਤਿਹਾਸ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਪੰਜਾਬ ਦੇ ਵਿਰਾਸਤੀ ਰੁੱਖਾਂ ਬਾਰੇ ਕਵਿਤਾ ਸਾਂਝੀ ਕੀਤੀ। ਪ੍ਰੋ. ਸੁਖਵਿੰਦਰ ਸਿੰਘ ਥਿੰਦ ਨੇ ਪੰਜਾਬ ਦੇ ਪਾਣੀਆਂ ਦੀ ਗੱਲ ਬਾਰੇ ਸੱਚਾਈ ਪੇਸ਼ ਕਰਦਿਆਂ ਦੱਸਿਆ ਕਿ ਪੰਜਾਬ ਨੂੰ ਆਪਣੇ ਪਾਣੀਆਂ ਵਿੱਚੋਂ ਸਿਰਫ਼ ਪੱਚੀ ਫ਼ੀਸਦੀ ਪਾਣੀ ਹੀ ਮਿਲਦਾ ਹੈ।ਸੋ ਪੰਜਾਬ ਨਾਲ ਬਹੁਤ ਵੱਡਾ ਧੱਕਾ ਹੋ ਰਿਹਾ ਹੈ,ਪਰ ਸੁਆਰਥੀ ਸਰਕਾਰਾਂ ਰਾਜਨੀਤੀ ਕਰੀ ਜਾ ਰਹੀਆਂ। ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਨੇ ਆਪਣੀ ਬਹੁਤ ਹੀ ਮਕਬੂਲ 'ਪਹਿਰਾ ਅਮਨ ਦਾ ਰਹੇ ਪੰਜਾਬ ਅੰਦਰ' ਕਵਿਤਾ ਸਾਂਝੀ ਕੀਤੀ। ਸਭਾ ਵੱਲੋਂ ਸੰਸਾਰ ਅਮਨ ਦੀ ਗੱਲ ਕਰਦਿਆਂ ਹੋ ਰਹੇ ਫ਼ਲਿਸਤੀਨੀ ਤੇ ਯੂਕਰੇਨ ਜੰਗਾਂ ਦੀ ਨਿੰਦਾ ਕੀਤੀ ਗਈ। ਸਤਨਾਮ ਸਿੰਘ ਢਾਅ ਨੇ ਮਾਤਾ ਗੁਜ਼ਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਅੱਜ ਸਿੱਖ ਇਤਿਹਾਸ ਦੇ ਇਨ੍ਹਾਂ ਮਹਾਨ ਸ਼ਹੀਦਾਂ ਨਾਲ ਦੋ ਹੋਰ ਸਤਿਕਾਰਯੋਗ ਪਾਤਰਾਂ (ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਦੀਵਾਨ ਟੋਡਰ ਮੱਲ ਜੀ ਦਾ ਜ਼ਿਕਰ ਕਰਨਾ ਵੀ ਬਣਦਾ ਹੈ, ਅਸੀਂ ਉਨ੍ਹਾਂ ਦੀ ਕੁਰਬਾਨੀ ਨੂੰ ਵੀ ਸੀਸ ਨਿਵਾਉਂਦੇ ਹਾਂ। ਨਾਲ ਹੀ ਉਨ੍ਹਾਂ ਨੇ ਆਰਟਿਸ ਕ੍ਰਿਪਾਲ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ 'ਤੇ ਵੈਨਕੋਵਰ ਤੋਂ ਨਾਮਵਰ ਲੇਖਕ ਜੈਤੇਗ ਸਿੰਘ ਅਨੰਤ ਜੀ ਲਿਖਿਆ ਪਰਚਾ ਵੀ ਪੜ੍ਹਿਆ, ਜਿਸ ਵਿਚ ਉਸ ਨੇ ਸਿੱਖ ਇਤਿਹਾਸ ਨੂੰ ਅਪਣੇ ਬੁਰਸ਼ ਦੀ ਛੋਹ ਨਾਲ ਉਸ ਸਮੇਂ ਦੇ ਹਾਲਾਤ ਨੂੰ ਚਿੱਤਰਿਆ ਹੈ।ਖ਼ਾਸ ਕਰਕੇ ਸਿੱਖਾਂ ਦੀ ਅਰਦਾਸ ਵਿਚਲੇ ਸ਼ਹੀਦਾਂ ਦੇ ਚਿੱਤਰ ਦੇਖ ਕੇ ਉਸ ਸਮੇਂ ਦੇ ਜੁਲਮਾਂ ਦੀ ਦਾਸਤਾਨ ਤਾਜਾ ਹੋ ਜਾਂਦੀ ਹੈ। ਇਹ ਚਿੱਤਰ ਦੇਖ ਕੇ ਹਰ ਅੱਖ ਸਿੱਲੀ ਹੁੰਦੀ ਹੈ। ਸੋ ਅੱਜ ਅਸੀਂ ਇਨ੍ਹਾਂ ਸਿੱਖ ਇਤਿਹਾਸ ਦੇ ਚਿੱਤਰਾਂ ਦੇ ਰਚੇਤਾ ਨੂੰ ਵੀ ਉਨ੍ਹਾਂ ਦੀ ਪਹਲੀ ਜਨਮ ਸ਼ਤਾਬਦੀ ਤੇ ਯਾਦ ਕਰਦੇ ਹਾਂ। ਇਨ੍ਹਾਂ ਤੋਂ ਇਲਵਾ ਇਸ ਸਾਹਿਤਕ ਵਿਚਾਰ ਚਰਚਾ ਵਿਚ ਗੁਰਦੀਪ ਸਿੰਘ ਗਹੀਰ, ਤਰਨਜੀਤ ਮੰਡ, ਗੁਰਮੀਤ ਸਿੰਘ ਢਾਅ, ਸੁਖਪਾਲਵੀਰ ਸਿੰਘ, ਮਹਿੰਦਰ ਕੌਰ ਕਾਲੀਰਾਏ, ਅਵਤਾਰ ਕੌਰ ਤੱਗੜ ਨੇ ਭਰਪੂਰ ਯੋਗਦਾਨ ਪਾਇਆ।ਸਕੱਤਰ ਜਰਨੈਲ ਸਿੰਘ ਤੱਗੜ ਨੇ ਸਟੇਜ ਦੀਆਂ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਿਆਂ ਆਪਣੀ ਕਾਵਿ ਕਲਾਂ ਰਾਹੀਂ ਸਰੋਤਿਆਂ ਕੀਲੀ ਰੱਖਿਆ।

## ਅਲਬਰਟਾ ਪ੍ਰੀਮੀਅਰ ਨੇ ਫੈਡਰਲ ਜ਼ੀਰੋ-ਐਮੀਸ਼ਨ ਵਹੀਕਲ ਦੇ ਹੁਕਮ ਨੂੰ ਮੋੜਵਾਂ ਜਵਾਬ ਦਿੱਤਾ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੀਮੀਅਰ ਡੈਨੀਅਲ ਸਮਿਥ ਨੇ ਫੈਡਰਲ ਜ਼ੀਰੋ-ਐਮੀਸ਼ਨ ਵਹੀਕਲ ਦੇ ਹੁਕਮ ਨੂੰ ਜਵਾਬ ਦਿੰਦਿਆਂ ਕਿਹਾ ਕਿ ਔਟਵਾ ਵਾਲਿਆਂ ਕੋਲ ਇਹ ਕੋਈ ਅਧਿਕਾਰ ਨਹੀਂ ਹੈ ਕਿ ਉਹ ਸਾਨੂੰ ਦੱਸਣ ਕਿ ਤੁਸੀਂ ਕਿਹੜੀ ਕਾਰ ਖਰੀਦਣੀ ਹੈ। "ਅਲਬਰਟਾ ਦੀ ਸਰਕਾਰ ਟਰਾਂਸਪੋਰਟੇਸ਼ਨ ਸੈਕਟਰ ਤੋਂ ਨਿਕਾਸ ਨੂੰ ਘਟਾਉਣ ਅਤੇ ਅਲਬਰਟਾ ਵਾਸੀਆਂ ਦਾ ਸਮਰਥਨ ਕਰਦੀ ਹੈ ਜੋ ਘੱਟ ਨਿਕਾਸ ਵਾਲੇ ਵਾਹਨ ਚਲਾਉਣਾ ਚਾਹੁੰਦੇ ਹਨ। ਹਾਲਾਂਕਿ, ਇਹਨਾਂ ਯਤਨਾਂ ਦੀ ਅਗਵਾਈ ਖਪਤਕਾਰਾਂ ਅਤੇ ਕਾਰੋਬਾਰਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਉਹਨਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਅਤੇ ਫੈਡਰਲ ਸਰਕਾਰ ਕੋਲ ਅਲਬਰਟਾ ਵਾਸੀਆਂ ਨੂੰ ਇਹ ਦੱਸਣ ਦਾ ਕੋਈ ਕਾਨੂੰਨੀ ਜਾਂ ਨੈਤਿਕ ਅਧਿਕਾਰ ਨਹੀਂ ਹੈ ਕਿ ਉਹ ਕਿਹੜੇ ਵਾਹਨ ਖਰੀਦ ਸਕਦੇ ਹਨ ਅਤੇ ਨਹੀਂ ਖਰੀਦ ਸਕਦੇ। "ਅਲਬਰਟਾ ਦੀ ਸਰਕਾਰ ਸਾਡੇ ਸੂਬੇ ਵਿੱਚ ਇਹਨਾਂ ਗੈਰ-ਸੰਵਿਧਾਨਕ ਨਿਯਮਾਂ ਨੂੰ ਲਾਗੂ ਕਰਨ ਨੂੰ ਰੋਕਣ ਲਈ ਆਪਣੇ ਕਾਨੂੰਨੀ ਅਧਿਕਾਰ ਖੇਤਰ ਵਿੱਚ ਸਭ ਕੁੱਝ ਕਰੇਗੀ।ਅਲਬਰਟਾ ਨੇ ਸਾਡੇ ਸੂਬਾਈ ਆਵਾਜਾਈ ਫਲੀਟ ਵਿੱਚ ਹਾਈਡ੍ਰੋਜਨ-ਸੰਚਾਲਿਤ ਵਾਹਨਾਂ ਦੀ ਵਰਤੋਂ ਦੀ ਪੜਚੋਲ ਕਰਨ ਅਤੇ ਅਲਬਰਟਾ ਵਿੱਚ ਹਾਈਡ੍ਰੋਜਨ ਫਿਊਲਿੰਗ ਸਟੇਸ਼ਨਾਂ ਨੂੰ ਵਧਾਉਣ ਲਈ ਵਿਕਲਪਾਂ ਦਾ ਮੁਲਾਂਕਣ ਕਰਨ ਲਈ ਮਿਉਂਸਪੈਲਟੀਆਂ ਅਤੇ ਉਦਯੋਗਾਂ ਨਾਲ ਪਹਿਲਾਂ ਹੀ ਖਰੀਦਿਆ ਹੈ ਅਤੇ ਕੰਮ ਕਰ ਰਿਹਾ ਹੈ। ਅਸੀਂ ਉਹਨਾਂ ਪਾਇਲਟਾਂ ਨੂੰ ਫੰਡਿੰਗ ਕਰ ਰਹੇ ਹਾਂ ਜੋ ਵੱਡੇ ਸ਼ਹਿਰਾਂ ਵਿੱਚ ਉਦਯੋਗਾਂ ਅਤੇ ਬੱਸਾਂ ਲਈ ਲੰਬੀ ਦੂਰੀ ਦੇ ਹਾਈਡ੍ਰੋਜਨ ਟਰੱਕਾਂ ਦੀ ਜਾਂਚ ਕਰ ਰਹੇ ਹਨ। ਅਸੀਂ ਓੜ ਚਾਰਜਿੰਗ ਸਟੇਸ਼ਨਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਸਮਾਨ ਭਾਈਵਾਲਾਂ ਨਾਲ ਕੰਮ ਕਰ ਰਹੇ ਹਾਂ। ਫੈਡਰਲ ਸਰਕਾਰ ਨੂੰ ਆਪਣੀਆਂ ਅਸਫਲ ਕਮਾਂਡ ਅਰਥਵਿਵਸਥਾ ਦੀਆਂ ਚਾਲਾਂ 'ਤੇ ਲਗਾਮ ਲਗਾਉਣੀ ਚਾਹੀਦੀ ਹੈ ਅਤੇ ਸਾਡੇ ਨਾਲ ਉਪਭੋਗਤਾ-ਅਧਾਰਤ ਮਾਰਕੀਟ ਪਹੁੰਚ 'ਤੇ ਕੰਮ ਕਰਨਾ ਚਾਹੀਦਾ ਹੈ ਜੋ ਪ੍ਰਾਪਤੀਯੋਗ ਹੈ ਅਤੇ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੀ ਹੈ।""ਇਸ ਤੋਂ ਇਲਾਵਾ, ਇਨ੍ਹਾਂ ਨਵੇਂ ਨਿਯਮਾਂ ਦੇ ਨਤੀਜੇ ਵਜੋਂ 2026 ਅਤੇ ਇਸ ਤੋਂ ਵੀ ਪਹਿਲਾਂ ਸ਼ੁਰੂ ਹੋਣ ਵਾਲੇ ਰਵਾਇਤੀ ਵਾਹਨਾਂ ਦੀ ਘਾਟ ਅਤੇ ਰਾਸ਼ਨਿੰਗ ਹੋਵੇਗੀ, ਕਿਉਂਕਿ ਕੰਬਸ਼ਨ ਇੰਜਣ ਵਾਲੇ ਵਾਹਨਾਂ ਦੀ ਲੋੜ ਵਾਲੇ ਲੱਖਾਂ ਖਪਤਕਾਰ, ਖਾਸ ਤੌਰ 'ਤੇ ਛੋਟੀਆਂ ਨਗਰ ਪਾਲਿਕਾਵਾਂ ਵਿੱਚ ਰਹਿਣ ਵਾਲੇ ਜੋ ਲੰਬੀ ਦੂਰੀ ਦਾ ਸਫ਼ਰ ਕਰਦੇ ਹਨ, ਬਿਜਲੀ ਦੇਣ ਵਿੱਚ ਅਸਮਰੱਥ ਹੋਣਗੇ। ਜਾਂ ਇੱਕ ਓੜ ਖਰੀਦ ਸਕਦੇ ਹੋ ਪਰ ਉਹਨਾਂ ਦੇ ਹਾਲਾਤਾਂ ਵਿੱਚ ਗੱਡੀ ਚਲਾਉਣ ਲਈ ਕੋਈ ਢੁਕਵਾਂ ਵਾਹਨ ਨਹੀਂ ਲੱਭ ਸਕਣਗੇ।

























## ਸੰਪਾਦਕੀ



ਭਰੋਸਾ ਨੇੜਤਾ ਦਾ ਸਬੱਬ ਬਣਦਾ ਹੈ।
-ਮਾਰਕਸ ਗਾਰਵੇ

ਮਹਿਮਾਨ ਸੰਪਾਦਕੀ

# ਡੇਰਿਆਂ ਦੀ ਹੋਂਦ ਅਤੇ ਸਾਡਾ ਅਜੋਕਾ ਸਮਾਜ

ਭਾਰਤ ਵਿੱਚ ਡੇਰਿਆਂ ਦੀ ਵਧਦੀ ਹੋਂਦ ਚਿੰਤਾ ਦਾ ਵਿਸ਼ਾ ਹੈ । ਦਰਜਨਾਂ ਡੇਰੇ ਹਨ ਜਿਹਨਾਂ ਵਿੱਚ ਘਟੀਆ ਪੱਧਰ ਦੀਆਂ ਗਤੀਵਿਧੀਆਂ ਚੱਲਣ ਦੀਆਂ ਖ਼ਬਰਾਂ ਅਤੇ ਕਨਸੋਆਂ ਮਿਲਦੀਆਂ ਰਹਿੰਦੀਆਂ ਹਨ। ਅਜਿਹੇ ਵਿੱਚ ਸਵਾਲ ਹੈ ਕਿ ਇਹਨਾਂ ਡੇਰਿਆਂ ਦੇ ਖੁੰਬਾਂ ਵਾਂਗ ਉੱਗ ਪੈਣ ਦੇ ਕਾਰਨ ਕੀ ਹਨ? ਇਹਨਾਂ ਲਈ ਕੌਣ ਜ਼ਿੰਮੇਦਾਰ ਹੈ?

ਉੱਤਰ ਭਾਰਤ ਪੰਜਾਬ-ਹਰਿਆਣਾ-ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼ ਆਦਿ ਅਜਿਹੇ ਸੂਬੇ ਹਨ ਜਿੱਥੇ ਵਿੱਦਿਆ ਦਾ ਨਾਕਸ ਪ੍ਰਬੰਧ ਹੈ। ਕਹਿਣ ਨੂੰ ਸਕੂਲ-ਕਾਲਜ-ਯੂਨੀਵਰਸਿਟੀਆਂ ਦੀ ਭੀੜ ਹੋ ਗਈ ਹੈ ਪਰ ਵਿੱਦਿਆ ਗਾਇਬ ਹੈ। ਅਸੀਂ ਬੱਚਿਆਂ ਨੂੰ ਮਸ਼ੀਨੀ ਪੁਰਜ਼ੇ ਬਣਾ ਰਹੇ ਹਾਂ ਅਤੇ ਉਹਨਾਂ ਵਿੱਚ ਦਿਮਾਗ਼ ਨਾਮ ਦੀ ਚੀਜ਼ ਰਹਿ ਹੀ ਨਹੀ ਗਈ ਹੈ।

ਜਿਹੜਾ ਕੰਮ ਸਰਕਾਰਾਂ ਨੇ ਕਰਨਾ ਹੁੰਦਾ ਉਹ ਕੰਮ ਇਹ ਡੇਰੇ ਕਰ ਰਹੇ ਹਨ। ਜਦੋਂ ਆਮ ਲੋਕਾਂ ਦਾ ਕੰਮ ਸਰਕਾਰ-ਦਰਬਾਰ ਵਿੱਚ ਨਹੀ ਹੁੰਦਾ ਤਾਂ ਇਹ ਬਾਬੇ ਉਹੀ ਕੰਮ ਲੀਡਰਾਂ ਤੋਂ ਕਰਵਾ ਕੇ ਦਿੰਦੇ ਹਨ। ਲੋਕ ਇਸ ਕਰਕੇ ਬਾਬਿਆਂ ਨਾਲ ਅਤੇ ਸਰਕਾਰਾਂ ਇਹਨਾਂ ਦੇ ਡੇਰਿਆਂ ਨਾਲ ਜੁੜ ਜਾਂਦੀਆਂ ਹਨ।

ਔਰਤ ਅਜੇ ਵੀ ਮਰਦ ਦੇ ਪ੍ਰਭਾਵ ਹੇਠੋਂ ਨਿੱਕਲ ਨਹੀ ਸਕੀ ਹੈ। ਇਸ ਦੇ ਵੀ ਕਈ ਸਮਾਜਿਕ-ਆਰਥਕ ਕਾਰਨ ਹਨ। ਦੂਜੇ ਪਾਸੇ ਧੁੰਮਾਂ ਹਨ ਕਿ ਔਰਤ ਹੁਣ ਕੀ ਨਹੀਂ ਕਰ ਸਕਦੀ, ਉਹ ਮਰਦ ਦੇ ਬਰਾਬਰ ਹੈ ਆਦਿ-ਆਦਿ ਦੀਆਂ ਗੱਲਾਂ ਬਹੁਤ ਹੁੰਦੀਆਂ ਹਨ। ਅਸਲੀਅਤ ਇਹ ਹੈ ਨਹੀਂ। ਮਰਦ ਨੂੰ ਕਾਬੂ ਹੇਠ ਰੱਖਣ ਲਈ ਉਹ ਗ਼ਲਤ ਰਸਤੇ ’ਤੇ ਤੁਰ ਨਿਕਲੀ ਹੈ ਅਤੇ ਬਾਬੇ ਉਸ ਦੀ ਇਸ ਮਨੋਦਸ਼ਾ ਦਾ ਲਾਭ ਉਠਾ ਰਹੇ ਹਨ। ਵਿਦਿਆ ਦਾ ਨਾ ਹੋਣਾ, ਆਰਥਕ-ਸਮਾਜਕ ਨਾ ਬਰਬਾਰੀ, ਸਰਕਾਰਾਂ ਦੀ ਨਾ-ਅਹਿਲੀਅਤ, ਮਰਦਾਂ ਦਾ ਸਿਸਟਮ ਉੱਤੇ ਕਾਬਜ਼ ਬਣੇ ਰਹਿਣ ਦੀ ਪ੍ਰਵਿਰਤੀ - ਇਹ ਕੁੱਝ ਕਾਰਨ ਹਨ ਕਿ ਲੋਕ ਇਹਨਾਂ ਬਾਬਿਆਂ ਦੇ ਕਬਜ਼ੇ ਹੇਠ ਹਨ। ਧਰਮ ਦੀ ਭੂਮਿਕਾ ਵੀ ਘੱਟ ਨਹੀਂ ਹੈ।

ਬਹੁਤ ਸਾਰੇ ਮਨੁੱਖਾਂ ਦੀ ਕਮਜ਼ੋਰੀ ਹੈ ਧਰਮ। ਜੇ ਸਾਡੇ ਧਾਰਮਿਕ ਅਦਾਰਿਆਂ ਨੇ ਰੱਬ ਨੂੰ ਆਪਣੀ ਜੇਬ ਵਿੱਚ ਨਾ ਪਾ ਕੇ ਲੋਕਾਂ ਨੂੰ ਸੇਧ ਦਿੱਤੀ ਹੁੰਦੀ ਤਾਂ ਅੱਜ ਇਹ ਸਥਿਤੀ ਆਉਣੀ ਨਹੀ ਸੀ। ਗੱਲ ਸਿਰਫ ਧਨ-ਦੌਲਤ ਇਕੱਠੀ ਕਰਨ ਉੱਤੇ ਆ ਟਿਕੀ ਤੇ ਧਰਮ ਅਣਗੌਲਿਆ ਗਿਆ। ਬਾਬਿਆਂ ਨੇ ਇਸ ਦਾ ਫਾਇਦਾ ਉਠਾਇਆ ਹੈ, ਉਹਨਾਂ ਨੇ ਵੀ ਰੱਬ ਵੇਚ ਕੇ ਧਨ-ਦੌਲਤ ਹੀ ਇਕੱਠੀ ਕੀਤੀ ਹੈ। ਧਨ-ਦੌਲਤ ਆਪਣੇ ਨਾਲ ਕਈ ਤਰ੍ਹਾਂ ਦੀਆਂ ਬੁਰਾਈਆਂ ਲੈ ਕੇ ਆਉਂਦੀ ਹੈ। ਇਹ ਬਾਬੇ ਵੀ ਉਸੇ ਦਾ ਸ਼ਿਕਾਰ ਹੁੰਦੇ ਹਨ, ਸਾਡੀ ਸਮਝ ਇਹ ਗੱਲ ਨਹੀਂ ਪੈਂਦੀ। ਅਸੀਂ ਬਾਬਿਆਂ ਨੂੰ ਰੱਬ ਦੀ ਥਾਂ ਖੜ੍ਹਾ ਕਰ ਲੈਂਦੇ ਹਾਂ ਤੇ ਫਿਰ ਅੱਖਾਂ ’ਤੇ ਪੱਟੀ ਬੰਨ੍ਹ ਲੈਂਦੇ ਹਾਂ।

ਲੋਕਤੰਤਰ ਵਿੱਚ ਸਿਰਾਂ ਦੀ ਗਿਣਤੀ ਮਹੱਤਵਪੂਰਨ ਹੁੰਦੀ ਹੈ। ਜਿਸ ਰਾਜਨੀਤਕ ਪਾਰਟੀ ਨੂੰ ਜਿੱਥੋਂ ਜ਼ਿਆਦਾ ਸਿਰ ਮਿਲਦੇ ਹਨ, ਉਹ ਉੱਥੇ ਚਲੀਆਂ ਜਾਂਦੀਆਂ ਹਨ ਤੇ ਭੇਡਾਂ ਵਾਂਗ ਆਪਣੇ ’ਰੱਬ’ ਦਾ ਕਹਿਣਾ ਮੰਨ ਲੈਂਦੀਆਂ ਹਨ।

ਜਦੋਂ ਵਿੱਦਿਆ ਹੀ ਨਹੀਂ ਹੈ, ਸੋਚਣ ਦੀ ਤਾਕਤ ਹੀ ਨਹੀਂ ਹੈ ਤਾਂ ਆਸ ਕਿਸ ਤੋਂ ਰੱਖੀਏ?

ਜਦੋਂ ਕੰਮ ਬਾਬਿਆਂ ਨੇ ਹੀ ਕਰਵਾਉਣੇ ਹਨ ਤਾਂ ਜਨਤਾ ਬਾਬਿਆਂ ਦੇ ਆਖੇ ਵੋਟਾਂ ਕਿਉਂ ਨਾ ਪਾਵੇ?

ਜਦੋਂ ਸਰਕਾਰਾਂ ਨੂੰ ਵੋਟਾਂ ਬਾਬਿਆਂ ਦੇ ਕਹਿਣ ’ਤੇ ਪੈਣੀਆਂ ਹਨ ਤਾਂ ਉਹ ਉਹਨਾਂ ਦੀ ਚਾਕਰੀ ਕਿਉਂ ਨਾ ਕਰਨ?

ਕੰਮ ਸੋਚਣ ਦਾ ਹੈ ਤੇ ਸੋਚਣ ਦੀ ਸਾਡੀ ਸ਼ਕਤੀ ਰਹੀ ਹੀ ਨਹੀਂ! ਸਿਰਫ਼ ਵਿਅਕਤੀ ਨੂੰ ਰੱਬ ਜਾਂ ਸਭ ਤੋਂ ਵੱਡਾ ਮੰਨ ਕੇ ਉਸ ਦੇ ਪਿਛਲੱਗੂ ਬਣ ਜਾਣਾ ਸਾਡੀ ਆਦਤ ਬਣ ਚੁੱਕੀ ਹੈ; ਚਾਕਰੀ ਸਾਡੇ ਖ਼ੂਨ ਵਿੱਚ ਜਾ ਮਿਲੀ ਹੈ। ਆਸ ਹੀ ਕਰ ਸਕਦੇ ਹਾਂ ਕਿ ਸ਼ਾਇਦ ਜਲਦੀ ਸਭ ਠੀਕ ਹੋ ਜਾਵੇਗਾ! ਮਹਾਰਾਜ ਭਲੀ ਕਰੇ!

ਰਿਸ਼ੀ ਨਾਗਰ

403 640 2000
punjabiakhbaar@gmail.com

This disclaimer informs the readers of ‘the Punjabi Akhbaar’ that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not ‘the Punjabi Akhbaar’. The Editor reserves the right to edit or not the articles, reports and/or news published herein.
-Editor

ਨੋਟ: “ਪੰਜਾਬੀ ਅਖ਼ਬਾਰ” ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। “ਪੰਜਾਬੀ ਅਖ਼ਬਾਰ” ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। ‘ਪੰਜਾਬੀ ਅਖ਼ਬਾਰ’ ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਸਾਕਾ ਸਰਹਿੰਦ ਦਾ ਇੱਕ ਮਹਾਨ ਨਾਇਕ, ਦੀਵਾਨ ਟੋਡਰ ਮੱਲ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਦੀਵਾਨ ਟੋਡਰ ਮੱਲ ਸਿੱਖ ਇਤਿਹਾਸ ਦਾ ਉਹ ਮਹਾਨ ਪਾਤਰ ਹੈ ਜਿਸ ਨੇ ਆਪਣੇ ਇਸ਼ਟ ਦੇ ਲਖਤੇ ਜ਼ਿਗਰਾਂ ਦੇ ਅੰਤਿਮ ਸੰਸਕਾਰ ਲਈ ਸੰਸਾਰ ਦੀ ਸਭ ਤੋਂ ਵੱਧ ਕੀਮਤੀ ਜ਼ਮੀਨ ਖਰੀਦੀ ਸੀ। ਇਹ ਅਦੁੱਤੀ ਕਾਰਨਾਮਾ ਕਰ ਕੇ ਉਹ ਰਾਤੋ ਰਾਤ ਸਿੱਖ ਪੰਥ ਦੀਆਂ ਅਤਿ ਆਦਰਯੋਗ ਸ਼ਖਸੀਅਤਾਂ ਵਿੱਚ ਸ਼ਾਮਲ ਹੋ ਗਿਆ। ਉਸ ਦੀ ਇਹ ਕੁਰਬਾਨੀ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚਾਂਦਨੀ ਚੌਕ ਦਿੱਲੀ ਤੋਂ ਆਨੰਦਪੁਰ ਸਾਹਿਬ ਪਹੁੰਚਾਉਣ ਵਾਲੇ ਭਾਈ ਜੈਤਾ ਤੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਹੈ। ਦੀਵਾਨ ਟੋਡਰ ਮੱਲ ਦੇ ਜਨਮ ਸਥਾਨ, ਖਾਨਦਾਨ, ਜੀਵਨ ਅਤੇ ਵਾਰਸਾਂ ਬਾਰੇ ਇਤਿਹਾਸ ਵਿੱਚ ਜਿਆਦਾ ਕੁਝ ਨਹੀਂ ਮਿਲਦਾ। ਕਈ ਵਿਦਵਾਨ ਦੀਵਾਨ ਟੋਡਰ ਮੱਲ ਸਰਹਿੰਦੀ ਨੂੰ ਅਕਬਰ ਦਾ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਹੋਣ ਬਾਰੇ ਭੁਲੇਖਾ ਖਾ ਜਾਂਦੇ ਹਨ। ਦੋਵਾਂ ਦੇ ਜੀਵਨ ਕਾਲ ਵਿੱਚ ਕਰੀਬ 125 ਸਾਲ ਦਾ ਫਰਕ ਹੈ। ਮੰਨਿਆਂ ਜਾਂਦਾ ਹੈ ਕਿ ਉਹ ਜ਼ਾਤ ਦਾ ਜੈਨ ਖੱਤਰੀ ਸੀ ਤੇ ਗੁਰੂ ਘਰ ਦਾ ਅਤਿਅੰਤ ਸ਼ਰਧਾਲੂ ਸੀ। ਉਹ ਉਸ ਵੇਲੇ ਸਰਹਿੰਦ ਸੂਬੇ ਦਾ ਇੱਕ ਸਭ ਤੋਂ ਅਮੀਰ ਵਪਾਰੀ ਤੇ ਮੁਅੱਜਜ਼ ਦਰਬਾਰੀ ਸੀ। ਪਟਿਆਲਾ ਸਟੇਟ ਗਜ਼ਟੀਅਰ ਦੇ ਮੁਤਾਬਕ ਉਸ ਦਾ ਜੱਦੀ ਪਿੰਡ ਕਾਕੜਾ ਸੀ ਜੋ ਸਮਾਣਾ-ਪਟਿਆਲਾ ਸੜਕ ‘ਤੇ ਸਥਿੱਤ ਹੈ ਤੇ ਹੁਣ ਥਾਣਾ ਸਦਰ ਸਮਾਣਾ ਅਧੀਨ ਆਉਂਦਾ ਹੈ। ਉਸ ਦੇ ਜਨਮ ਤੋਂ ਪਹਿਲਾਂ ਹੀ ਉਸ ਦੇ ਪੁਰਖੇ ਕਾਰੋਬਾਰ ਕਾਰਨ ਪਿੰਡ ਛੱਡ ਕੇ ਸਰਹਿੰਦ ਵੱਸ ਗਏ ਸਨ। ਉਸ ਦੀ ਅਮੀਰੀ, ਸਰਕਾਰੀ ਪ੍ਰਭਾਵ ਅਤੇ ਸ਼ਾਨੋ ਸ਼ੌਕਤ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਸ ਦੀ ਰਿਹਾਇਸ਼ (ਜਹਾਜ਼ ਹਵੇਲੀ) ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਮਹਿਲ ਦੇ ਬਿਲਕੁਲ ਨਜ਼ਦੀਕ ਸੀ।

ਸੰਨ 13 ਦਸੰਬਰ 1704 ਈ. ਨੂੰ ਵਜ਼ੀਰ ਖਾਨ ਦੇ ਹੁਕਮ ਨਾਲ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸ ਅਨੁਸਾਰ ਇਸ ਕਾਂਡ ਵਿੱਚ ਦੀਵਾਨ ਸੁੱਚਾ ਨੰਦ ਨੇ ਬਹੁਤ ਘਟੀਆ ਅਤੇ ਨਵਾਬ ਮਲੇਰ ਕੋਟਲਾ ਸ਼ੇਰ ਮੁਹੰਮਦ ਖਾਨ ਨੇ ਬਹੁਤ ਸ਼ਲਾਘਾ ਯੋਗ ਕਿਰਦਾਰ ਨਿਭਾਇਆ ਸੀ। ਹੋ ਸਕਦਾ ਹੈ ਕਿ ਗੁਰੂ ਘਰ ਦੇ ਪ੍ਰੇਮੀ ਦੀਵਾਨ ਟੋਡਰ ਮੱਲ ਅਤੇ ਹੋਰ ਪਤਵੰਤਿਆਂ ਨੇ ਵੀ ਵਜ਼ੀਰ ਖਾਨ ਨੂੰ ਸਮਝਾਇਆ ਹੋਵੇ, ਪਰ ਪੱਥਰ ਦਿਲ ਸੂਬੇਦਾਰ ਨੇ ਕਿਸੇ ਦੀ ਨਾ ਸੁਣੀ। ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੀ ਸ਼ਹੀਦੀ ਤੋਂ ਬਾਅਦ ਡਰਦੇ ਮਾਰੇ ਕਿਸੇ ਦੀ ਇਹ ਹਿੰਮਤ ਨਾ ਪਈ ਕਿ ਉਨ੍ਹਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕਰ ਸਕੇ। ਉਸ ਵੇਲੇ ਸਰਹਿੰਦ ਵਿੱਚ ਹਿੰਦੂ ਵੱਡੀ ਗਿਣਤੀ ਵਿੱਚ ਵੱਸਦੇ ਸਨ ਤੇ ਉਥੇ ਹਿੰਦੂਆਂ ਦੇ ਕਈ ਸ਼ਮਸ਼ਾਨ ਘਾਟ ਵੀ ਮੌਜੂਦ ਸਨ। ਫਿਰ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸੰਸਕਾਰ ਉਥੇ ਕਿਉਂ ਨਾ ਕੀਤਾ ਗਿਆ? ਕਿਉਂ ਉਨ੍ਹਾਂ ਦੇ ਅੰਤਿਮ ਸੰਸਕਾਰ ਲਈ ਜ਼ਮੀਨ ਖਰੀਦਣੀ ਪਈ? ਲੱਗਦਾ ਹੈ ਕਿ ਸੂਬੇਦਾਰ ਦਾ ਦਿਲ ਗੁਰੂਘਰ ਪ੍ਰਤੀ ਨਫਰਤ ਨਾਲ ਐਨਾ ਭਰਿਆ ਹੋਇਆ ਸੀ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਵੀ ਉਸ ਦਾ ਮਨ ਸ਼ਾਂਤ ਨਾ ਹੋਇਆ। ਉਹ ਸ਼ਾਇਦ ਪਵਿੱਤਰ ਦੇਹਾਂ ਦਾ ਵੀ ਅਪਮਾਨ ਕਰਨਾ ਚਾਹੁੰਦਾ ਸੀ। ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਿਸੇ ਸ਼ਮਸ਼ਾਨ ਘਾਟ ਵਿੱਚ ਨਾ ਕੀਤਾ ਜਾਵੇ। ਇਹ ਵੀ ਹੋ ਸਕਦਾ ਹੈ ਕਿ ਜਦੋਂ ਦੀਵਾਨ ਟੋਡਰ ਮੱਲ ਨੇ ਤਰਲੇ ਮਿੰਨਤਾਂ ਕਰ ਕੇ ਦੇਹਾਂ ਪ੍ਰਾਪਤ ਕੀਤੀਆਂ ਹੋਣ ਤਾਂ ਕਿਸੇ ਸੁੱਚਾ ਨੰਦ ਵਰਗੇ ਉਸਿਆਣੇ” ਨੇ ਸੂਬੇਦਾਰ ਨੂੰ ਸਲਾਹ ਦਿੱਤੀ ਹੋਵੇ



ਕਿ ਸੇਠ ਕੋਲ ਬਹੁਤ ਪੈਸਾ ਹੈ, ਜੇ ਉਸ ਨੇ ਅੰਤਿਮ ਸੰਸਕਾਰ ਕਰਨਾ ਹੈ ਤਾਂ ਉਸ ਨੂੰ ਜਗ੍ਹਾ ਖਰੀਦਣੀ ਚਾਹੀਦੀ ਹੈ। ਇਸ ਲਈ ਲੱਗਦਾ ਕਿ ਸੂਬੇਦਾਰ ਨੇ ਉਸ ਨੂੰ ਸ਼ਰਤਾਂ ਅਧੀਨ ਹੀ ਦੇਹਾਂ ਦਿੱਤੀਆਂ ਹੋਣਗੀਆਂ।

ਸਰਕਾਰੀ ਕਹਿਰ ਦੇ ਡਰ ਕਾਰਨ ਸਰਹਿੰਦ ਦੇ ਕਿਸੇ ਜ਼ਿੰਮੀਦਾਰ ਦੀ ਜ਼ਮੀਨ ਦੇਣ ਦੀ ਹਿੰਮਤ ਨਾ ਪਈ। ਅਖੀਰ ਇੱਕ ਜ਼ਿੰਮੀਦਾਰ ਚੌਧਰੀ ਅੱਤਾ ਜ਼ਮੀਨ ਵੇਚਣ ਲਈ ਰਾਜ਼ੀ ਹੋ ਗਿਆ। ਪਰ ਉਸ ਨੇ ਵੀ ਰੱਜ ਕੇ ਦੀਵਾਨ ਦੀ ਮਜ਼ਬੂਰੀ ਦਾ ਫਾਇਦਾ ਉਠਾਇਆ। ਉਸ ਨੇ ਸ਼ਰਤ ਰੱਖੀ ਕਿ ਜੇ ਜ਼ਮੀਨ ਚਾਹੀਦੀ ਹੈ ਤਾਂ ਉਸ ਦੀ ਕੀਮਤ ਸੋਨਾ ਵਿਛਾ ਕੇ ਦੇਣੀ ਪਵੇਗੀ। ਕਈ ਤਾਂ ਕਹਿੰਦੇ ਹਨ ਕਿ ਉਸ ਨੇ ਸੋਨੇ ਦੇ ਸਿੱਕੇ ਖੜੇ ਕਰ ਕੇ ਕੀਮਤ ਲਈ ਸੀ। ਉਸ ਵੇਲੇ ਸੋਨੇ ਦੀ ਅਸ਼ਰਫੀ ਦਾ ਸਾਈਜ਼ ਕਰੀਬ ਸਵਾ ਇੰਚ ਅਤੇ ਭਾਰ ਕਰੀਬ ਇੱਕ ਤੋਲਾ (10 ਗ੍ਰਾਮ) ਹੁੰਦਾ ਸੀ। ਸਾਹਿਬਜ਼ਾਦਿਆਂ ਦੇ ਅੰਤਿਮ ਸੰਸਕਾਰ ਲਈ ਘੱਟੋ ਘੱਟ 2 ਣ 2 ਮੀਟਰ ਅਤੇ ਮਾਤਾ ਜੀ ਲਈ 2 ਣ 1.5 ਮੀਟਰ ਦੇ ਕਰੀਬ ਜਗ੍ਹਾ ਖਰੀਦੀ ਗਈ ਹੋਵੇਗੀ। ਇਸ ਲਈ ਕਰੀਬ 7800 ਅਸ਼ਰਫੀਆਂ (78 ਕਿੱਲੋ ਸੋਨਾ) ਵਿਛਾਈਆਂ ਗਈਆਂ ਹੋਣਗੀਆਂ। ਜੇ ਅਸ਼ਰਫੀਆਂ ਖੜ੍ਹੇ ਰੁਖ ਰੱਖੀਆਂ ਗਈਆਂ ਹੋਣਗੀਆਂ ਤਾਂ 78000 ਦੇ ਕਰੀਬ ਅਸ਼ਰਫੀਆਂ (780 ਕਿੱਲੋ ਸੋਨਾ) ਵਿਛਾਉਣੀਆਂ ਪਈਆਂ ਹੋਣਗੀਆਂ। ਇਸ ਕਾਰਨ ਦੀਵਾਨ ਦੀ ਸਾਰੀ ਪੂੰਜੀ ਜ਼ਮੀਨ ਖਰੀਦਣ ਵਿੱਚ ਲੱਗ ਗਈ ਤੇ ਘਰ ਬਾਰ ਗਹਿਣੇ ਪੈ ਗਿਆ ਹੋਵੇਗਾ। ਪਰ ਉਸ ਮਹਾਨ ਇਨਸਾਨ ਨੇ ਆਪਣੇ ਨੁਕਸਾਨ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਆਪਣੇ ਵਿਸ਼ਵਾਸ਼ ਨੂੰ ਡੋਲਣ ਨਾ ਦਿੱਤਾ। ਉਸ ਨੇ ਆਪਣਾ ਸਭ ਕੁਝ ਦਾਅ ‘ਤੇ ਲਗਾ ਕੇ ਵੀ ਗੁਰੂ ਜੀ ਅਤੇ ਸਿੱਖੀ ਦੀ ਮਹਾਨ ਸੇਵਾ ਕੀਤੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਮਈ 1710 ਈ. ਵਿੱਚ ਸਰਹਿੰਦ ਫਤਿਹ ਕੀਤੀ ਤਾਂ ਉਨ੍ਹਾਂ ਨੂੰ ਵੀ ਦੀਵਾਨ ਟੋਡਰ ਮੱਲ ਦੀ ਇਸ ਕੁਰਬਾਨੀ ਬਾਰੇ ਪਤਾ ਸੀ। ਦੀਵਾਨ ਟੋਡਰ ਮੱਲ ਦੇ ਘਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ।

ਸੂਬਾ ਸਰਹਿੰਦ ਵਜ਼ੀਰ ਖਾਨ ਬਹੁਤ ਹੀ ਜ਼ਾਲਮ, ਬੇਰਹਿਮ ਤੇ ਪਾਪੀ ਕਿਸਮ ਦਾ ਇਨਸਾਨ ਸੀ। ਉਸ ਨੇ ਬਾਬਾ ਮੋਤੀ ਰਾਮ ਮਹਿਰਾ ਦਾ ਸਾਰਾ ਪਰਿਵਾਰ ਸਿਰਫ ਇਸ ਕਾਰਨ ਵੇਲਣੇ ਵਿੱਚ ਪੀੜ ਕੇ ਸ਼ਹੀਦ ਕਰ ਦਿੱਤਾ ਸੀ ਕਿ ਉਸ ਨੇ ਮਾਤਾ ਗੁਜ਼ਰੀ ਜੀ ਤੇ ਸਾਹਿਬਜ਼ਾਦਿਆਂ ਦੀ ਠੰਡੇ ਬੁਰਜ ਵਿੱਚ ਦੁੱਧ ਨਾਲ ਸੇਵਾ ਕੀਤੀ ਸੀ। ਇਸ ਲਈ ਉਹ ਇਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਕੋਈ ਉਸ ਦੀ ਹੁਕਮ ਅਦੂਲੀ ਕਰ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸੰਸਕਾਰ ਕਰੇ? ਜਦੋਂ ਉਸ ਨੂੰ ਦੀਵਾਨ ਟੋਡਰ ਮੱਲ ਦੇ ਇਸ ਉਗੁਨਾਹ” ਬਾਰੇ ਪਤਾ ਚੱਲਿਆ ਤਾਂ ਉਸ ਦਾ ਕਹਿਰ ਦੀਵਾਨ ‘ਤੇ ਟੁੱਟ ਪਿਆ। ਉਸ ਨੇ ਦੀਵਾਨ ਟੋਡਰ ਮੱਲ ਨੂੰ ਬਿਲਕੁਲ ਬਰਬਾਦ ਕਰ ਦਿੱਤਾ। ਆਪਣੇ ਪਰਿਵਾਰ ਦੀ ਸੁਰੱਖਿਆ ਲਈ ਦੀਵਾਨ ਨੂੰ ਆਪਣਾ ਜੰਮਿਆਂ ਜਮਾਇਆ ਘਰ ਬਾਰ ਅਤੇ ਕਾਰੋਬਾਰ ਛੱਡ ਕੇ ਇਤਿਹਾਸ ਦੇ ਹਨੇਰਿਆਂ ਵਿੱਚ ਗੁੰਮ ਹੋ ਜਾਣਾ ਪਿਆ। ਇਸ ਤੋਂ ਬਾਅਦ ਉਸ ਦੇ ਪਰਿਵਾਰ ਜਾਂ ਉਸ ਦੇ ਆਖਰੀ ਦਿਨਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਉਸ ਦੀ ਜਹਾਜ਼ ਹਵੇਲੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸ ਤੋਂ ਬਾਅਦ ਸਿੱਖ ਮਿਸਲਾਂ ਦੇ ਸਰਹਿੰਦ ‘ਤੇ ਹਮਲਿਆਂ ਦੌਰਾਨ ਪੂਰੀ ਇੱਜ਼ਤ ਬਖਸ਼ੀ ਗਈ। ਕਿਸੇ ਨੇ ਉਸ ਨੂੰ ਨੁਕਸਾਨ ਪਹੁੰਚਾਉਣ ਜਾਂ ਲੁੱਟਣ ਦੀ ਕੋਸ਼ਿਸ਼ ਨਹੀਂ ਕੀਤੀ। ਪਰ ਲਾਵਾਰਿਸ ਪਈ ਹਵੇਲੀ ਹੌਲੀ ਹੌਲੀ ਵਕਤ ਦੇ ਥਪੇੜਿਆਂ ਅਤੇ ਨਜਾਇਜ਼ ਕਬਜਿਆਂ ਕਾਰਨ ਢਹਿਣ ਲੱਗ ਪਈ। ਹੁਣ ਇੱਕ ਬਹੁਤ ਹੀ ਵਧੀਆ ਉਪਰਾਲੇ ਹੇਠ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਜਹਾਜ਼ ਹਵੇਲੀ ਦੀ ਮੁਰੰਮਤ ਦਾ ਬੀੜਾ ਚੁੱਕਿਆ ਹੈ। ਮਾਹਰ ਕਾਰੀਗਰ ਇਸ ਦੀ ਪੁਰਾਣੀ ਸ਼ਾਨ ਬਹਾਲ ਕਰਨ ਲਈ ਅਤਿ ਆਧੁਨਿਕ ਤਕਨੀਕਾਂ ਦੀ ਮਦਦ ਨਾਲ ਮੁੜ ਉਸਾਰੀ ਕਰ ਰਹੇ ਹਨ।

ਸਿੱਖ ਪੰਥ ਵਿੱਚ ਦੀਵਾਨ ਟੋਡਰ ਮੱਲ ਦਾ ਬਹੁਤ ਸਤਿਕਾਰ ਹੈ। ਉਸ ਦੀ ਯਾਦ ਵਿੱਚ ਗੁਰਦਵਾਰਾ ਫਤਿਹਗੜ੍ਹ ਸਾਹਿਬ (ਸਰਹਿੰਦ) ਵਿਖੇ ਬਹੁਤ ਵਿਸ਼ਾਲ ਦੀਵਾਨ ਟੋਡਰ ਮੱਲ ਦੀਵਾਨ ਹਾਲ ਬਣਿਆ ਹੋਇਆ ਹੈ। ਗੁਰਦਵਾਰਾ ਫਤਿਹਗੜ੍ਹ ਸਾਹਿਬ ਅਤੇ ਗੁਰਦਵਾਰਾ ਜੋਤੀ ਸਰੂਪ ਵਿਚਾਲੜੀ ਸੜਕ ਦਾ ਨਾਮ ਦੀਵਾਨ ਟੋਡਰ ਮੱਲ ਮਾਰਗ ਹੈ। ਜੀ.ਟੀ ਰੋਡ ਤੋਂ ਸਰਹਿੰਦ ਨੂੰ ਆਉਣ ਵਾਲੀ ਸੜਕ ‘ਤੇ ਇੱਕ ਸ਼ਾਨਦਾਰ ਦੀਵਾਨ ਟੋਡਰ ਮੱਲ ਸਵਾਗਤੀ ਦੁਆਰ ਵੀ ਉਸਾਰਿਆ ਗਿਆ ਹੈ। ਇਹ ਅਤਿਅੰਤ ਜਰੂਰੀ ਹੈ ਕਿ ਇਤਿਹਾਸਕਾਰ ਦੀਵਾਨ ਟੋਡਰ ਮੱਲ ਵਰਗੇ ਮਹਾਨ ਇਨਸਾਨ ਦੇ ਵਾਰਸਾਂ ਬਾਰੇ ਖੋਜ ਕਰ ਕੇ ਉਨ੍ਹਾਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣ। ਇਹ ਉਸ ਨੇਕ ਇਨਸਾਨ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ।

# ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ



ਗੁਰਮੀਤ ਸਿੰਘ ਪਲਾਹੀ

ਦੇਸ਼ ‘ਤੇ ਰਾਜ ਕਰਦੀ ਹਾਕਮ ਧਿਰ ਭਾਰਤੀ ਜਨਤਾ ਪਾਰਟੀ, ਤਿੰਨ ਸੂਬਿਆਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾਵਾਂ ਚੋਣਾਂ ਜਿੱਤਕੇ, ਦੇਸ਼ ਦੇ 12 ਸੂਬਿਆਂ ਵਿੱਚ ਆਪਣੀ ਸਰਕਾਰ ਬਨਾਉਣ ‘ਚ ਸਫ਼ਲ ਹੋ ਗਈ ਹੈ। ਇਹਨਾ ਚੋਣਾਂ ‘ਚ ਸਾਰੀਆਂ ਪਾਰਟੀਆਂ ਆਮ ਲੋਕਾਂ ਨੂੰ ਲਾਰੇ-ਲਾਪੇ ਲਾਏ ਗਏ, ਗਰੰਟੀਆਂ ਦਿੱਤੀਆਂ ਗਈਆਂ ਅਤੇ ਮੁੜ ਵੱਡਾ ਐਲਾਨ ਕੇਂਦਰ ਸਰਕਾਰ ਵਲੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ‘ਚ ਰੱਖਦਿਆਂ ਕਰ ਦਿੱਤਾ ਗਿਆ “ਦੇਸ਼ ਦੇ 80 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਜੀਅ ਅਨਾਜ ਅਗਲੇ 5 ਸਾਲ ਵੀ ਮਿਲਦਾ ਰਹੇਗਾ“ ਕਿੱਡਾ ਵੱਡਾ ਪਰਉਪਕਾਰ ਹੈ ਲੋਕਾਂ ਉਤੇ ਦੇਸ਼ ਦੇ ਵੱਡੇ ਹਾਕਮਾਂ ਦਾ।

ਨੌਕਰੀਆਂ ਰੁਜ਼ਗਾਰ ਕੋਈ ਨਹੀਂ। ਸਿੱਖਿਆ ਸਹੂਲਤਾਂ ਸਿਰਫ਼ ਨਾਅ ਦੀਆਂ। ਵਾਤਾਵਰਨ ਪੂਰੀ ਤਰ੍ਹਾਂ ਦੂਸ਼ਿਤ। ਰਹਿਣ-ਸਹਿਣ, ਖਾਣ ਪੀਣ, ਆਮ ਲੋਕਾਂ ਦਾ ਇਹੋ ਜਿਹਾ, ਜਿਹੋ ਜਿਹਾ ਸ਼ਾਇਦ ਹੀ ਦੁਨੀਆਂ ਦੇ ਬਹੁਤ ਘੱਟ ਲੋਕਾਂ ਦੇ ਹਿੱਸੇ ਹੋਏਗਾ। ਕੁਲੀ, ਗੁਲੀ, ਜੁਲੀ ਸੁਵਿਧਾ ਨੂੰ ਦੇਸ਼ ਦੇ ਵੱਡੀ ਗਿਣਤੀ ਨਾਗਰਿਕ ਜਿਵੇਂ ਤਰਸ ਹੀ ਗਏ ਹਨ। ਸਰੀਰਕ, ਮਾਨਸਿਕ ਪ੍ਰੇਸ਼ਾਨੀਆਂ ਉਹਨਾ ਦੀ ਚਿੰਤਾ ਹਨ।

ਨੈਸ਼ਨਲ ਕਰਾਈਮ ਰਿਕਾਰਡਜ਼ ਬਿਓਰੋ(ਐਨ.ਸੀ.ਆਰ.ਬੀ.) ਦੀ ਰਿਪੋਰਟ ਪੜ੍ਹੋ। ਭਾਰਤ ‘ਚ ਰੋਜ਼ਾਨਾ ਔਸਤਨ 31 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਣੇ 114 ਦਿਹਾੜੀਦਾਰ ਖੁਦਕੁਸ਼ੀ ਕਰਦੇ ਹਨ। ਰਿਪੋਰਟ ਅਨੁਸਾਰ 2022 ਵਿੱਚ 1.70 ਲੱਖ ਖੁਦਕੁਸ਼ੀ ਦੇ ਮਾਮਲੇ ਦਰਜ਼ ਕੀਤੇ ਗਏ। (ਇਹ ਸਰਕਾਰੀ ਅੰਕੜੇ ਹਨ, ਗੈਰ-ਸਰਕਾਰੀ ਅੰਕੜੇ ਇਸ ਤੋਂ ਕਈ ਗੁਣਾ ਵਧ ਹੋਣਗੇ, ਕਿਉਂਕਿ ਲੋਕ ਚੁੱਪ-ਚੁਪੀਤੇ ਇਹੋ ਜਿਹੇ ਹਾਦਸਿਆਂ ਸਮੇਂ ਸੰਸਕਾਰ ਕਰ ਦਿੰਦੇ ਹਨ)। ਖੁਦਕੁਸ਼ੀਆਂ ਦੇ ਵੱਧ ਮਾਮਲੇ ਮਹਾਰਾਸ਼ਟਰ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ‘ਚ ਹਨ।(ਜਿੱਥੇ ਹੁਣੇ ਜਿਹੇ ਭਾਰਤੀ ਜਨਤਾ ਪਾਰਟੀ ਜਿੱਤੀ ਹੈ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸੂਬੇ ‘ਚ ਰਾਜ ਕਰਦੀ ਹੈ) ਚਿੰਤਾ ਵਾਲੀ ਗੱਲ ਤਾਂ ਇਹ ਵੀ ਹੈ ਕਿ ਇਹਨਾ ਸ਼੍ਰੇਣੀਆਂ ਭਾਵ ਕਿਸਾਨਾਂ, ਖੇਤ ਮਜ਼ਦੂਰਾਂ ‘ਚ ਖੁਦਕੁਸ਼ੀ ਕਰਨ ਵਾਲਿਆਂ ਵਿੱਚ ਔਰਤਾਂ ਵੀ ਸ਼ਾਮਲ ਹਨ। ਰਿਪੋਰਟ ਇਹ ਵੀ ਕਹਿੰਦੀ ਹੈ ਕਿ ਇਹਨਾ ਖੁਦਕੁਸ਼ੀਆਂ ਕਰਨ ਵਾਲਿਆਂ ‘ਚ 58.2 ਫ਼ੀਸਦੀ ਨੇ ਫਾਹਾ ਲਿਆ। 25.4 ਫ਼ੀਸਦੀ ਨੇ ਜ਼ਹਿਰ ਪੀਤੀ। 5 ਫ਼ੀਸਦੀ ਨੇ ਡੁੱਬ ਕੇ ਜਾਨ ਗੁਆਈ। ਕੀ ਸਮਾਜ ਵਿੱਚ ਖੁਦਕੁਸ਼ੀ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਨਹੀਂ ਹੈ ? ਕੀ ਇਹ ਸਰਕਾਰ ਦਾ ਫਰਜ਼ ਨਹੀਂ ਕਿ ਉਹ ਆਰਥਿਕ ਤੰਗੀਆਂ ਤੁਰਸ਼ੀਆਂ ਨੂੰ ਦੂਰ ਕਰਨ ਹਿੱਤ ਇਹੋ ਜਿਹੇ ਪ੍ਰੋਗਰਾਮ ਉਲੀਕੇ, ਜੋ ਨਾਗਰਿਕਾਂ ਦੀ ਖੁਸ਼ਹਾਲੀ ਤੇ ਸੁਖਾਵੇਂ ਜੀਵਨ ਲਈ ਸਹਾਈ ਹੋ ਸਕਣ।

ਮਨੁੱਖੀ ਜ਼ਿੰਦਗੀ ਨਾਲ ਜੁੜਿਆ ਇੱਕ ਹੋਰ ਗੰਭੀਰ ਤੱਥ ਦੇਸ਼ ‘ਚ ਵਿਚਾਰਨ ਯੋਗ ਹੈ। ਦੇਸ਼ ਜਦੋਂ ਅੱਜ ਹੋਰ ਵੱਡੀਆਂ ਅਲਾਮਤਾਂ ਦਾ ਸਾਹਮਣਾ ਕਰ ਰਿਹਾ ਹੈ, ਪੌਣਪਾਣੀ ਬਦਲੀ ਦੇਸ਼ ਲਈ ਗੰਭੀਰ ਚਣੌਤੀ ਬਣੀ ਹੋਈ ਹੈ। ਦੇਸ਼ ਦੇ 310 ਇਹੋ ਜਿਹੇ ਜ਼ਿਲਿਆਂ ਦੀ ਸ਼ਨਾਖਤ ਕੀਤੀ ਗਈ ਹੈ, ਜਿਥੇ ਇਸ ਤਬਦੀਲੀ ਦਾ ਅਸਰ ਹੋ ਰਿਹਾ ਹੈ, ਜਿਹੜਾ ਖੇਤੀਬਾੜੀ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ ਅਤੇ ਕਿਸਾਨਾਂ ਅਤੇ ਫ਼ਸਲਾਂ ਲਈ ਮਾਰੂ ਸਿੱਧ ਹੋ ਰਿਹਾ ਹੈ। ਸਿੱਟੇ ਵਜੋਂ ਕਿਸਾਨਾਂ ਦੀ ਆਰਥਿਕ ਹਾਲਾਤ ਚਿੰਤਾਜਨਕ ਹੋ ਰਹੀ ਹੈ। ਦੇਸ਼ ‘ਚ ਕਿਸਾਨ ਅੰਦੋਲਨਾਂ ਦਾ ਵਧਣਾ ਉਹਨਾ ‘ਚ ਫੈਲੀ ਬੇਚੈਨੀ ਅਤੇ ਅਸੰਤੁਸ਼ਟਤਾ ਦਾ ਸਿੱਟਾ ਹੈ।

ਇਸ ਬੇਚੈਨੀ ਨੂੰ ਦੂਰ ਕਰਨ ਲਈ ਸਾਰਥਿਕ ਯਤਨ ਨਹੀਂ ਹੋ ਰਹੇ। ਉਹਨਾ ਨੂੰ ਹਰ ਤੀਜੇ ਮਹੀਨੇ 2000 ਰੁਪਏ ਦੀ ਰਾਸ਼ੀ



ਸਹਾਇਤਾ ਦੇ ਕੇ ਪੁਚਕਾਰਿਆ ਜਾ ਰਿਹਾ ਹੈ। ਜਦਕਿ ਵਿਕਾਸ ਯੋਜਨਾਵਾਂ ਦੇ ਨਾਅ ਉਤੇ ਉਹਨਾ ਦੀ ਜ਼ਮੀਨ ਹਥਿਆਈ ਜਾ ਰਹੀ ਹੈ, ਜਿਹੜੀ ਉਸਦੇ ਰੁਜ਼ਗਾਰ ਦਾ ਸਾਧਨ ਹੈ। ਜਦੋਂ ਕਿਸੇ ਵੀ ਵਿਅਕਤੀ ਨੂੰ ਆਰਥਿਕ ਪੱਖੋਂ ਤੋੜ ਦਿੱਤਾ ਜਾਏਗਾ ਤਾਂ ਉਸ ਪੱਲੇ ਨਿਰਾਸ਼ਾ ਤੋਂ ਬਿਨ੍ਹਾਂ ਹੋਰ ਕੁਝ ਪੱਲੇ ਹੀ ਨਹੀਂ ਬਚਦਾ।

ਦੇਸ਼ ਦੀ ਆਰਥਿਕਤਾ ਦਾ ਮੁੱਖ ਧੁਰਾ ਖੇਤੀ ਹੈ। ਕਿਸਾਨਾਂ, ਖੇਤ ਮਜ਼ਦੂਰਾਂ ਦੀ ਭੈੜੀ ਹਾਲਤ ਦੇ ਮੱਦੇਨਜ਼ਰ, ਉਹਨਾ ਨੂੰ ਆਰਥਿਕ ਸੰਕਟ ‘ਚੋਂ ਕੱਢਣ ਲਈ ਘੱਟੋ-ਘੱਟ ਕੀਮਤ ਦੇਣ ਦੀ ਗੱਲ ਵੱਖੋ-ਵੱਖਰੀਆਂ ਸਰਕਾਰਾਂ ਵਲੋਂ ਕੀਤੀ ਜਾਂਦੀ ਰਹੀ ਹੈ। ਯੂ.ਪੀ.ਏ. ਸਰਕਾਰ ਵਲੋਂ ਖੇਤੀਬਾੜੀ ਸੁਧਾਰਾਂ ਬਾਰੇ ਸਵਾਮੀਨਾਥਨ ਰਿਪੋਰਟ ਵੀ ਲਿਆਂਦੀ ਗਈ ਸੀ, ਜਿਸ ਵਿੱਚ ਫ਼ਸਲਾਂ ਉਤੇ ਲਾਗਤ ਨਾਲ ਜਮ੍ਹਾਂ 50 ਫ਼ੀਸਦੀ ਮੁਨਾਫ਼ਾ ਕਿਸਾਨ ਨੂੰ ਦੇਣ ਦੀ ਸਿਫ਼ਾਰਸ਼ ਨਿਸ਼ਚਿਤ ਕੀਤੀ ਗਈ ਸੀ। ਸਵਾਮੀਨਾਥਨ ਰਿਪੋਰਟ ਵਿੱਚ 201 ਸਿਫਾਰਸ਼ਾਂ ਕਿਸਾਨਾਂ ਦੇ ਜੀਵਨ ਸੁਧਾਰ ਲਈ ਕੀਤੀਆਂ ਗਈਆਂ ਸਨ, ਪਰ ਮੋਦੀ ਸਰਕਾਰ ਵਲੋਂ ਵੀ ਇਸ ਮੁੱਦੇ ‘ਤੇ ਕੋਈ ਧਿਆਨ ਨਹੀਂ ਦਿੱਤਾ ਗਿਆ। ਕਿਸਾਨ ਅੰਦੋਲਨ ਸਮੇਂ ਕਿਸਾਨਾਂ ਨਾਲ ਫ਼ਸਲਾਂ ਦੀ ਘੱਟੋ-ਘੱਟ ਕੀਮਤ ਮਿੱਥਣ ਬਾਰੇ ਵਿਚਾਰ ਕਰਨ ਦਾ ਫ਼ੈਸਲਾ ਹੋਇਆ ਸੀ, ਪਰ ਹਾਲੇ ਤੱਕ ਕੋਈ ਕਾਰਵਾਈ ਅਮਲ ‘ਚ ਨਹੀਂ ਲਿਆਂਦੀ ਜਾ ਸਕੀ।

ਸਪਸ਼ਟ ਦਿਖਾਈ ਦੇ ਰਿਹਾ ਹੈ ਕਿ ਦੇਸ਼ ਵਿੱਚ ਮੰਦਹਾਲੀ ਹੈ, ਲੋਕਾਂ ਵਿੱਚ ਬੇਚੈਨੀ ਹੈ, ਦੇਸ਼ ‘ਚ ਗਰੀਬ ਅਮੀਰ ਦਾ ਪਾੜਾ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਨੂੰ ਡੰਬ ਰਿਹਾ ਹੈ, ਪਰ ਦੇਸ਼ ਦੇ ਨੇਤਾ ਲੋਕ ਸਮੇਤ ਹਾਕਮ ਧਿਰ ਦੇ ਨੇਤਾ, ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਤੋਂ ਮੂੰਹ ਮੋੜੀ ਬੈਠੇ ਹਨ। ਧਰਮ, ਜਾਤ ਦੇ ਨਾਮ ‘ਤੇ ਸਿਆਸਤ ਕਰਨ ‘ਚ ਰੁਝੇ ਹਨ।

ਇੱਕ ਦੇਸ਼, ਇੱਕ ਬੋਲੀ, ਇੱਕ ਝੰਡਾ, ਇੱਕ ਸੰਵਿਧਾਨ ਜਿਹੇ ਨਾਹਰਿਆਂ ਹੇਠ ਲੋਕਾਂ ਨੂੰ ਭਰਮਿਤ ਕਰਨ ‘ਚ ਰੁੱਝੇ ਇਹ ਨੇਤਾ ਆਮ ਲੋਕਾਂ ਦੀ ਤਾਂ ਪੀੜ ਹੀ ਭੁੱਲ ਬੈਠੇ ਹਨ। ਇਹ ਇੱਕ ਭਰਮ ਪਾਲ ਰਹੇ ਹਨ ਕਿ ਭਾਰਤ ਦੇਸ਼, ਦੁਨੀਆ ਦੀ ਤੀਸਰੀ ਸ਼ਕਤੀ ਬਨਣ ਵੱਲ ਅੱਗੇ ਵਧ ਰਿਹਾ ਹੈ।

ਜ਼ਰਾ ਧਿਆਨ ਕਰੋ ਅੰਤਰਰਾਸ਼ਟਰੀ ਰਿਪੋਰਟਾਂ ਵੱਲ। ਦੇਸ਼ ‘ਚ ਬੇਰੁਜ਼ਗਾਰੀ ਦੀ ਦਰ 7.9 ਫ਼ੀਸਦੀ ਹੈ। ਇੱਕ ਰਿਪੋਰਟ ਅਨੁਸਾਰ 1000 ਨਵੇਂ ਜੰਮੇ ਬੱਚਿਆਂ ‘ਚੋਂ 31 ਜਨਮ ਦੇ 5 ਵਰ੍ਹਿਆਂ ਦੌਰਾਨ ਹੀ ਮਰ ਜਾਂਦੇ ਹਨ। 485 ਮਿਲੀਅਨ ( 48.5 ਕਰੋੜ) ਲੋਕ ਅਤਿ ਦੇ ਗਰੀਬ ਹਨ। ਦੇਸ਼ ‘ਚ ਮਹਿੰਗਾਈ ਦੇ ਇਸ ਦੌਰ ‘ਚ ਪੇਂਡੂ ਨਿਵਾਸੀ ਔਸਤਨ 1095 ਰੁਪਏ ਪ੍ਰਤੀ ਮਹੀਨੇ ਅਤੇ ਸ਼ਹਿਰੀ ਨਿਵਾਸੀ ਔਸਤਨ 1286 ਰੁਪਏ ਮਹੀਨਾ ਕਮਾਉਂਦੇ ਹਨ। ਹੁਣ ਇਸ ਗੱਲ ‘ਤੇ ਵੀ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਰਹੀ ਕਿ ਵਿਸ਼ਵ ਦੇ 125 ਦੇਸ਼ਾਂ ਵਿੱਚ ਭੁੱਖ ਮਰੀ ਦੇ ਮਾਮਲੇ ‘ਚ ਭਾਰਤ ਦਾ 111 ਵਾਂ ਥਾਂ ਹੈ। ਪਿਛਲੇ ਵਰ੍ਹੇ ਇਹ ਸਥਾਨ 107 ਸੀ। ਭਾਵ ਪਿਛਲੇ ਸਾਲ ਨਾਲੋਂ ਵੀ ਇਸ ਨਾਲ ਭੁੱਖਮਰੀ ‘ਚ ਵਾਧਾ ਹੋਇਆ ਹੈ।

ਵਿਡੰਬਨਾ ਵੇਖੋ, ਪਵਿੱਤਰ ਮੰਦਰਾਂ ਦੇ ਅਤੇ ਤੀਰਥ ਸਥਾਨਾਂ ਦੇ ਦਰਸ਼ਨਾਂ ਦੇ ਨਾਅ ਉਤੇ ਲੋਕਾਂ ਦੇ ਜ਼ਜ਼ਬਿਆਂ ਨਾਲ ਖੇਡਿਆ ਜਾ ਰਿਹਾ ਹੈ। ਫਿਰਕੂ ਫਸਾਦ ਆਮ ਗੱਲ ਬਣਾ ਦਿੱਤੀ ਗਈ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਦੇਸ਼ ‘ਚ ਡਰ ਮਹਿਸੂਸ ਕਰ ਰਹੀਆਂ ਹਨ। ਇਥੋਂ ਤੱਕ ਕਿ ਖੇਤਰੀ ਭਾਸ਼ਾਵਾਂ ਦਾ ਗਲ ਘੁੱਟਣ ਲਈ ਨਵੀਂ ਰਾਸ਼ਟਰਪਤੀ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ।

ਜਿਵੇਂ ਖੇਤੀ ਤੇ ਖੇਤ ਕਾਰਪੋਰੇਟਾਂ ਦੇ ਪੱਲੇ ਪਾਉਣ ਦਾ ਦੇਸ਼ ‘ਚ ਯਤਨ ਹੋਇਆ ਅਤੇ ਹੋ ਰਿਹਾ ਹੈ। ਹਰੀ ਕ੍ਰਾਂਤੀ ਦੇ ਸਬਜ਼ ਬਾਗ ਦਿਖਾਕੇ ਕਿਸਾਨਾਂ ਦੇ ਕਿੱਤੇ ਨੂੰ ਭਾਰੀ ਸੱਟ ਮਾਰੀ ਗਈ ਹੈ। ਉਵੇਂ ਹੀ ਰਾਸ਼ਟਰੀ ਸਿੱਖਿਆ ਨੀਤੀ ਦੇ ਨਾਅ ਉਤੇ “ਮਾਂ ਬੋਲੀਆਂ“ ਨੂੰ ਅੱਖੋਂ-ਪਰੋਖੇ ਕਰਕੇ ਡਿਜ਼ੀਟਲ, ਕੰਪਿਊਟਰ, ਇੰਟਰਨੈੱਟ ਆਦਿ ਨੂੰ ਵਧੇਰੇ ਮਹੱਤਤਾ ਦੇਕੇ ਮਨੁੱਖ ਨੂੰ ਉਸਦੀ ਬੋਲੀ, ਸਭਿਆਚਾਰ ਤੋਂ ਦੂਰ ਕਰਕੇ ਇੱਕ ਮਸ਼ੀਨ ਦਾ ਰੂਪ ਦਿੱਤਾ ਜਾ ਰਿਹਾ ਹੈ। ਕਿੱਡਾ ਸੋਹਣਾ ਲਗਦਾ ਹੈ ਇਹ ਨਾਹਰਾ “ਦੁਨੀਆ ਸਿਰਫ਼ ਇੱਕ ਮੁੱਠੀ ‘ਚ ਬੰਦ ਹੈ ਅਤੇ ਸਭ ਦੀ ਪਹੁੰਚ ‘ਚ ਹੈ“। ਪਰ ਕੀ ਇਹ ਕੁਦਰਤੀ ਮਨੁੱਖੀ ਜੀਵਨ ਨਾਲ ਖਿਲਵਾੜ ਨਹੀਂ।

ਉਵੇਂ ਹੀ ਜਿਵੇਂ ਦੇਸ਼ ਵਿੱਚੋਂ ਜੰਗਲ ਉਜਾੜ ਦਿੱਤੇ ਗਏ, ਜਿਵੇਂ ਦਰਿਆਵਾਂ ਦੇ ਵਹਿਣ ਬਦਲ ਦਿੱਤੇ ਗਏ ਅਤੇ ਰੇਤ, ਬਜ਼ਰੀ ਖਨਣ ਨਾਲ ਮਾਫੀਏ ਦੀਆਂ ਝੋਲੀਆਂ ਭਰ ਦਿੱਤੀਆਂ ਗਈਆਂ। ਜਿਵੇਂ ਦੇਸ਼ ‘ਚ ਨਿੱਜੀਕਰਨ ਦਾ ਦੌਰ ਚੱਲਿਆ। ਜਿਵੇਂ ਕਾਰਪੋਰੇਟਾਂ ਹੱਥ “ਸਿਆਸਤ‘ ਦੀ ਡੋਰ ਫੜਾ ਦਿੱਤੀ ਗਈ। ਜਿਵੇਂ ਸਿਆਸਤ ਵਿੱਚ ਆਮ ਲੋਕਾਂ ਨੂੰ ਨੁਕਰੇ ਲਾਕੇ ਧੰਨ-ਕੁਬੇਰਾਂ ਦਾ ਬੋਲ-ਬਾਲਾ ਕਰ ਦਿੱਤਾ ਗਿਆ।(ਉਦਾਹਰਨ ਵਜੋਂ ਹੁਣੇ ਹੋਈਆਂ ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ‘ਚ 90 ਚੁਣੇ ਹੋਏ ਸਾਰਿਆਂ ਪਾਰਟੀਆਂ ਦੇ ਵਿਧਾਇਕਾਂ ‘ਚ 72 ਕਰੋੜਪਤੀ ਹਨ।)ਉਵੇਂ ਤਾਂ ਫਿਰ ਦੇਸ਼ ਕੀ ਗੁਲਾਮਾਂ ਦੀ ਮੰਡੀ ਬਣਕੇ ਨਹੀਂ ਰਹਿ ਜਾਏਗਾ, ਕੀ ਇਹ ਗੱਲ ਕੋਈ ਝੂਠ ਹੋਵੇਗੀ ?

ਜਿਸ ਢੰਗ ਨਾਲ ਮੌਜੂਦਾ ਹਾਕਮ ਦੇਸ਼ ਨੂੰ ਚਲਾ ਰਹੇ ਹਨ। ਇੱਕ ਪੁਰਖੀ, ਇੱਕ ਪਾਰਟੀ ਰਾਜ ਵੱਲ ਦੇਸ਼ ਨੂੰ ਵਧਾਇਆ ਜਾ ਰਿਹਾ ਹੈ। ਸੂਬਿਆਂ ਦੇ ਅਧਿਕਾਰ ਸੀਮਤ ਕਰਕੇ ਕੇਂਦਰ ਆਪਣੀ ਮਨ-ਮਰਜ਼ੀ ਕਰ ਰਿਹਾ ਹੈ। ਕੀ ਉਸ ਨਾਲ ਦੇਸ਼ ਲੋਕਤੰਤਰੀ ਲੀਹੋਂ ਨਹੀਂ ਲੱਥ ਜਾਏਗਾ ? ਦੇਸ਼ ਵਿੱਚ ਵਧ ਰਹੀ ਲੁੱਟ ਖਸੁੱਟ, ਕੁਨਬਾਪ੍ਰਵਰੀ, ਭ੍ਰਿਸ਼ਟਾਚਾਰ, ਦੇਸ਼ ਭਾਰਤ ਦੇ ਅਕਸ ਨੂੰ ਵਿਸ਼ਵ ਪੱਧਰੀ ਢਾਅ ਲਾ ਰਿਹਾ ਹੈ। ਮਨੁੱਖੀ ਅਧਿਕਾਰਾਂ ਦਾ ਹਨਨ ਦੇਸ਼ ‘ਚ ਆਮ ਹੋ ਗਿਆ ਹੈ। ਹੈਂਕੜਬਾਜੀ ਦੀ ਸਿਆਸਤ ਨੇ ਲੋਕਾਂ ਦਾ ਸਾਹ ਸੂਤ ਲਿਆ ਹੋਇਆ ਹੈ। ਦੇਸ਼ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਲੇਖਕਾਂ, ਬੁੱਧੀਜੀਵੀਆਂ, ਚਿੰਤਕਾਂ ਨੂੰ ਸਿਰ ਜੋੜਨ ਦੀ ਲੋੜ ਹੈ ਭਾਵੇਂ ਕਿ ਅੱਜ ਦੇਸ਼ ਦੀ ਪ੍ਰੈੱਸ, ਚਿੰਤਕ, ਲੇਖਕ, ਬੁੱਧੀਜੀਵੀ ਦੇਸ਼ ਦੇ ਹਾਕਮਾਂ ਦੇ ਨਿਸ਼ਾਨੇ ‘ਤੇ ਹਨ, ਪਰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਲੋਕ ਕਦੇ ਵੀ ਦੇਸ਼ ਨੂੰ ਮੁੜ ਗੁਲਾਮੀ ਦੀਆਂ ਜੰਜੀਰਾਂ ‘ਚ ਬੱਝਣ ਦੇਣਾ ਪ੍ਰਵਾਨ ਨਹੀਂ ਕਰਨਗੇ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਕੌਣ ਧਿਆਨ ਦੇਵੇਗਾ ਸਿਖ ਸੱਭਿਆਚਾਰ ਦੇ ਅਜੋਕੇ ਮਿਆਰ ਵੱਲ?



ਪੂਰਨ ਸਿੰਘ ਪਾਂਧੀ,
ਟਰਾਂਟੋ ਕਨੇਡਾ

ਗੁਰੂ ਨਾਨਕ ਦੇਵ ਜੀ (1469-1539) ਦੇ ਆਗਮਨ ਨਾਲ਼ ਸਿੱਖ ਸੱਭਿਆਚਾਰ ਦਾ ਜਨਮ ਹੁੰਦਾ ਹੈ; ਜਿਸ ਵਿੱਚ ਨਾਮ ਜਪਣ, ਕਿਰਤ ਕਰਨ, ਵੰਡ ਕੇ ਛਕਣ, ਸੰਗਤ ਕਰਨ, ਅਤੇ ਗੁਰਬਾਣੀ ਦਾ ਕੀਰਤਨ ਕਰਨ ਆਦਿ ਸਿੱਖ ਸੱਭਿਆਚਾਰ ਦੇ ਮੁੱਢਲੇ ਸਿਧਾਂਤ ਹਨ। ਗੁਰੂ ਨਾਨਕ ਦੇਵ ਜੀ ਦੇ ਇਸ ਮਿਸ਼ਨ ਦੀ ਜਗਦੀ ਜੋਤ ਲਈ, ਗੁਰੂ ਅਰਜਨ ਦੇਵ ਜੀ ਤੱਕ, ਸੰਗਤ ਕਰਨ ਤੇ ਮਿਲ ਬੈਠਣ ਦੇ ਸਥਾਨ ਨੂੰ 'ਧਰਮਸਾਲ' ਆਖਿਆ ਜਾਂਦਾ ਸੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਤੋਂ 'ਗੁਰਦੁਆਰਾ' ਨਾਮਕਰਣ ਅਰੰਭ ਹੁੰਦਾ ਹੈ; ਜਿੱਥੇ ਸਿੱਖ ਸੰਗਤ ਜੁੜਦੀ ਹੈ ਅਤੇ ਗੁਰਮਤਿ ਗਿਆਨ ਤੇ ਕੀਰਤਨ ਦੀਆਂ ਗੂੰਜਾਂ ਪੈਦੀਆਂ ਆ ਰਹੀਆਂ ਹਨ।

30 ਅਪ੍ਰੈਲ 1921 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਹੋਂਦ ਵਿੱਚ ਆਉਣ ਪਿੱਛੋਂ ਸਿੱਖ ਗੁਰੂ ਸਾਹਿਬਾਂ ਦੇ ਨਾਂ ਨਾਲ਼ ਜੁੜੀ ਅਰਬਾਂ ਖਰਬਾਂ ਦੀ ਜਾਇਦਾਦ ਦਾ ਕੰਟਰੋਲ ਸਿੱਖ ਪੰਥ ਦੀ ਇਸ ਨੁਮਾਇੰਦਾ ਜਮਾਤ ਕੋਲ਼ ਆ ਗਿਆ। ਸ਼੍ਰੋਮਣੀ ਕਮੇਟੀ ਦਾ ਅਤੇ ਸੰਸਾਰ ਦੇ ਹੋਰ ਗੁਰਦੁਆਰਿਆਂ ਦਾ ਵੋਟਾਂ ਦੁਆਰਾ ਚੁਣੇ ਹੋਏ ਵਿਅਕਤੀਆਂ ਦੁਆਰਾ ਪ੍ਰਬੰਧ ਹੋਣ ਦਾ ਵਿਧਾਨ ਬਣ ਗਿਆ।

ਪੁਰਾਤਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿੱਚ, ਪੜ੍ਹੇ ਲਿਖੇ, ਇਮਾਨਦਾਰ ਤੇ ਪਰਉਪਕਾਰੀ ਆਗੂ ਹੁੰਦੇ ਸਨ। ਉਨ੍ਹਾ ਵਿੱਚ ਗੁਰੂ ਦੀ ਭੈਅ-ਭਾਵਨਾ, ਨਿਰਛਲ ਸੇਵਾ, ਤਿਆਗ ਤੇ ਕੁਰਬਾਨੀ ਦਾ ਜਜ਼ਬਾ ਸੀ। ਸਿੱਟੇ ਵੱਜੋਂ ਸਿੱਖ ਗੁਰਦੁਆਰਿਆਂ ਦੇ ਸੰਸਾਰ ਦੇ ਕੋਨੇ ਕੋਨੇ ਵਿੱਚ ਸੌ ਸੌ ਫੁੱਟ ਉੱਚੇ ਕੇਸਰੀ ਝੰਡੇ ਝੂਲਦੇ ਹਨ; ਜੋ ਲੁਕਾਈ ਨੂੰ ਦੂਰੋਂ ਅਵਾਜ਼ਾਂ ਮਾਰਦੇ ਜਾਪਦੇ ਹਨ ਕਿ ਇਹ ਸਿੱਖ ਸੱਭਿਆਚਾਰ ਅਤੇ ਸਾਂਝੀਵਾਲਤਾ ਦੇ ਕੇਂਦਰ ਹਨ; ਨਿਮਾਣਿਆਂ, ਨਿਤਾਣਿਆਂ ਨਿਰਾਸਰਿਆਂ ਦਾ ਆਸਰਾ ਹਨ, ਇੱਥੇ ਸਰਬ ਸਾਂਝੇ ਲੰਗਰ ਦੀਆਂ ਮਹਿਕਾਂ ਹਨ, ਸਰਬੱਤ ਦੇ ਭਲੇ ਦੀ ਅਰਦਾਸ ਹੁੰਦੀ ਹੈ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਹੋਣ ਦਾ ਸੰਦੇਸ਼ ਦਿੱਤਾ ਜਾਂਦਾ ਹੈ।

ਪਰ ਸਮੇਂ ਨਾਲ਼ ਹੁਣ ਹਾਲਾਤ ਬਦਲ ਗਏ ਹਨ। ਭਾਵੇਂ ਪ੍ਰਬੰਧਕ ਕਮੇਟੀਆਂ ਵਿੱਚ ਹੁਣ ਵੀ ਬਥੇਰੇ ਨਿਰਛਲ, ਸੇਵਾ ਭਾਵੀ ਤੇ ਪਰਉਪਕਾਰੀ ਬਿਰਤੀ ਦੇ ਮਾਲਕ ਹੋਣਗੇ ਪਰ ਹੁਣ ਵੋਟ-ਕਲਚਰ ਵਿੱਚ ਕਈ ਵਾਰ ਅਜਿਹੇ ਵਿਅਕਤੀ ਚੁਣੇ ਜਾਂਦੇ ਹਨ; ਜਿੰਨ੍ਹਾਂ ਨੂੰ ਧਾਰਮਿਕ ਰਹੁ-ਰੀਤਾਂ ਦਾ ਗਿਆਨ ਨਹੀਂ ਹੁੰਦਾ ਨਾਂ ਧਾਰਮਿਕ ਸੁਰਤੀ ਬਿਰਤੀ ਤੇ ਗੁਰਮਖੀ ਜੀਵਨ-ਜੁਗਤ ਦੀ ਕਣੀ ਹੁੰਦੀ ਹੈ। ਸੇਵਾ ਸਤਿਕਾਰ ਦੀ ਥਾਂ ਬਹੁਤਿਆਂ ਦੀ ਅੱਖ ਕੇਵਲ ਗੋਲਕ 'ਤੇ ਹੁੰਦੀ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਦੁਨੀਆਂ ਵਿੱਚ ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦਾ ਮੁਖੀ ਉਸ ਨੂੰ ਲਾਇਆ ਜਾਂਦਾ ਹੈ; ਜੋ ਉਚਤਮ ਡਿਗਰੀਆਂ ਦਾ ਮਾਲਕ ਹੋਵੇ, ਪ੍ਰਭਾਵਸ਼ਾਲੀ ਤੇ ਚੁੰਬਕੀ ਸ਼ਖਸੀਅਤ ਹੋਵੇ। ਮਿਲਟਰੀ ਵਿੱਚ ਜਰਨੈਲ ਕਰਨੈਲ ਬਣਨ ਲਈ ਅਨੇਕਾਂ ਜੋਖਮ ਭਰੀਆਂ ਪ੍ਰੀਖਿਆਵਾਂ ਵਿੱਚੋਂ ਲੰਘਣਾ ਪੈਂਦਾ ਹੈ। ਹਰ ਖੇਡ ਦਾ ਕੈਪਟਨ ਵੀ ਹਰ ਕੋਈ ਨਹੀਂ ਬਣ ਸਕਦਾ। ਗੋਰਿਆਂ ਦੇ ਚਰਚ ਲਈ ਪਾਦਰੀ ਬਣਨ ਲਈ ਵੀ ਉੱਚੀਆਂ ਡਿਗਰੀਆਂ, ਸੁਲਝੀ ਤੇ ਸ੍ਰੇਸ਼ਟ ਕਾਬਲੀਅਤ ਅਤੇ ਹੋਰ ਕਈ ਤਰ੍ਹਾਂ ਦੀਆਂ ਪ੍ਰੀਖਿਆਵਾਂ ਪਾਸ ਕਰਨ ਦੀ ਬੰਦਸ਼ ਹੈ। ਹੋਰ ਤਾਂ ਹੋਰ ਨਿੱਕੀ ਮੋਟੀ ਦੁਨਿਆਵੀ ਜੌਬ ਲਈ ਵੀ ਕਈ ਤਰ੍ਹਾਂ ਦੇ ਟੈਸਟਾਂ ਵਿੱਚੋਂ ਲੰਘਣਾ ਪੈਂਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਗੁਰਦੁਆਰਿਆ ਦੇ ਪ੍ਰਬੰਧਕ ਬਣਨ ਲਈ, ਇਸ ਪਵਿੱਤਰ ਪਦਵੀ 'ਤੇ ਸਸ਼ੋਭਤ ਹੋਣ ਲਈ ਉਹ ਗੁਰਮਤਿ, ਗੁਰਬਾਣੀ, ਕੀਰਤਨ ਕਲਾ, ਸਿੱਖ-ਸਿਧਾਂਤ, ਸਿੱਖ ਇਤਹਾਸ, ਸਿੱਖ ਰਹਿਤ ਮਰਿਯਾਦਾ ਤੇ ਸਿੱਖ-ਪਰੰਪਰਾਵਾਂ ਦਾ ਬਹੁ-ਪੱਖੀ ਵਿਦਵਾਨ ਹੋਵੇ, ਰਹਿਤ ਮਰਿਯਾਦਾ ਵਿੱਚ ਪਰਪੱਕ, ਅੰਮ੍ਰਿਤਧਾਰੀ ਤੇ ਨਿਤਨੇਮੀ ਹੋਵੇ। ਇਸਾਈਆਂ ਦੇ ਪਾਦਰੀ ਵਾਂਗ ਗੁਰਮਤਿ ਗਿਆਨ ਦਾ ਉਚਤਮ ਆਚਾਰੀਆਂ ਹੋਵੇ। ਸਭ ਤੋਂ ਵੱਡੀ ਗੱਲ ਕਿ ਉਹ ਮਿੱਠਤ ਤੇ ਨਿਮਰਤਾ ਦਾ ਪੁੰਜ, ਇਮਾਨਦਾਰ ਤੇ ਗੁਰਮੁਖ ਬਿਰਤੀ ਦਾ ਮਾਲਕ ਹੋਵੇ।

ਪਰ ਕੇਡੀ ਤਰਾਸਦੀ ਹੈ ਕਿ ਪ੍ਰਧਾਨ ਤੇ ਹੋਰ ਅਹੁਦੇਦਾਰ ਬਣਨ ਵਾਸਤੇ ਪੂਰੇ ਸੰਸਾਰ ਵਿੱਚ ਕਿਸੇ ਥਾਂ, ਕਿਸੇ ਤਰ੍ਹਾਂ ਦੀ ਕੋਈ ਧਾਰਮਿਕ ਪ੍ਰੀਖਿਆ ਪਾਸ ਹੋਣ ਦੀ ਜਾਂ ਕਿਸੇ ਟੈਸਟ ਦੀ ਕੋਈ ਸ਼ਰਤ ਨਹੀਂ, ਸਿੱਖ ਸਿਧਾਂਤ ਦਾ ਕੋਈ ਕੋਡ ਆਫ ਕੰਡਕਟ ਨਹੀਂ। ਕਿਸੇ ਗਿਆਨ ਧਿਆਨ ਜਾਂ ਰਹਿਤ ਮਰਿਯਦਾ ਆਦਿ ਦੀ ਇੱਕ ਵੀ ਸ਼ਰਤ ਨਹੀਂ। ਪੇਂਡੂ ਪੰਚਾਇਤਾਂ ਵਾਂਗ ਹਰ ਕੋਈ ਚੋਣ ਲੜ ਸਕਦੈ, ਗੁਰਮਤਿ ਦੀ ਪਵਿੱਤਰ ਪਦਵੀ 'ਤੇ ਸਸ਼ੋਭਤ ਹੋ ਸਕਦੈ।

ਇਸ ਅਣਗਹਿਲੀ ਤੇ ਬੇਧਿਆਨੀ ਕਾਰਨ ਊਣੇ-ਅਧੂਰੇ ਗਿਆਨ ਵਾਲੇ ਰਾਗੀ, ਢਾਡੀ, ਪਾਠੀ, ਪ੍ਰਚਾਰਕਾਂ ਦੀ ਫੌਜ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਦੁਨਿਆਵੀ ਜੌਬਾਂ ਵਾਂਗ ਸਿੱਖ ਧਰਮ ਵਿੱਚ ਕਮਾਈ ਵਾਲੀ ਜੌਬ ਸੌਖੀ ਮਿਲ ਜਾਂਦੀ ਹੈ। ਅਜਿਹੇ ਲੋਕਾਂ ਦੀ ਪਰਖ ਪੜਚੋਲ ਕਰਨ ਵਾਲਾ ਅਤੇ ਰੋਕ ਟੋਕ ਕਰਨ ਵਾਲਾ ਪ੍ਰਬੰਧਕਾਂ ਵਿੱਚ ਹੁੰਦਾ ਕੋਈ ਨਹੀਂ।

ਗਿਰਾਵਟ ਭਰੇ ਅਜਿਹੇ ਹਾਲਾਤ ਬਾਰੇ ਮਹਾਨ ਵਿਦਵਾਨ ਗਿਆਨੀ ਸੰਤ ਸਿੰਘ ਮਸਕੀਨ ਨੇ ਆਪਣੀ ਪੁਸਤਕ "ਦੇਸ਼ ਵਿਦੇਸ਼ ਦਾ ਪ੍ਰਬੰਧਕੀ ਢਾਚਾ ਅਤੇ ਪ੍ਰਚਾਰਕ ਸ਼੍ਰੇਣੀ" ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿੱਚ ਅਜਿਹੇ ਅਨਪੜ੍ਹ ਤੇ ਲੋਭੀ ਕਿਸਮ ਦੇ ਅਹੁਦੇਦਾਰਾਂ ਦੀ ਬੇਹੱਦ ਕੌੜੇ ਸ਼ਬਦਾਂ ਵਿੱਚ ਨੁਕਤਾਚੀਨੀ ਕੀਤੀ ਹੈ।

ਗੁਰਮਤਿ ਵਿੱਚ ਗ੍ਰੰਥੀ ਜਾਂ ਪਾਠੀ ਨੂੰ ਗੁਰੂ ਦੇ ਵਜੀਰ ਹੋਣ ਦਾ ਰੁਤਬਾ ਦਿੱਤਾ ਜਾਂਦਾ ਹੈ। ਇਹ ਰੁਤਬਾ ਬਹੁਤ ਉੱਚਾ ਤੇ ਪਵਿੱਤਰ ਰੁਤਬਾ ਹੈ। ਭਾਵੇਂ ਸਿੱਖ-ਪੰਥ ਵਿੱਚ ਅਜਿਹੇ ਉੱਤਮ ਜੀਵਨ ਵਾਲੇ ਵਿਦਵਾਨ ਪਾਠੀ ਸਿੰਘ ਹੁਣ ਵੀ ਹੋਣਗੇ ਪਰ "ਹੈਨ ਵਿਰਲੇ, ਨਾਹੀ ਘਣੇ, ਫੈਲ ਫਕੜ ਸੰਸਾਰ" ਵਾਲੀ ਸਥਿੱਤੀ ਹੈ। ਅਸਲੀਅਤ ਇਹ ਹੈ ਕਿ ਅਜੋਕੇ ਜੌਬ-ਕਲਚਰ ਨੇ ਅਤੇ ਬਾਬਾ-ਵਾਦ ਦੇ ਪਖੰਡਵਾਦ ਨੇ ਮਨੁੱਖ ਦੀਆਂ ਬੇਮੁਹਾਰੀਆਂ ਲਾਲਚੀ ਗਰਜਾਂ ਲਈ ਗੁਰਬਾਣੀ ਨੂੰ ਜੰਤਰ, ਮੰਤਰ ਨਾਲ਼ ਜੋੜ ਕੇ, ਅਨਭੋਲ ਸਿੱਖ-ਸੰਗਤ ਨੂੰ ਭਿੰਨ ਭਿੰਨ ਵਿਧੀ ਦੇ ਪਾਠਾਂ, ਸੰਪਟ ਪਾਠਾਂ, ਅਖੰਡਪਾਠਾਂ ਤੇ ਇਕੋਤ੍ਰੀਆਂ ਦੇ ਜਾਲ਼ ਵਿੱਚ ਫਸਾ ਦਿੱਤਾ ਹੈ; ਜਿਸ ਨਾਲ ਕੱਚ ਘਰੜ ਪਾਠੀ-ਪਾਠਣਾ ਦੀ ਫੌਜ ਵਿੱਚ ਦਿਨੋ ਦਿਨ ਵਾਧਾ ਹੈ।

ਬਹੁਤੇ ਪਾਠੀ-ਪਾਠਣਾ ਅਜਿਹੇ ਹੁੰਦੇ ਹਨ; ਜਿੰਨ੍ਹਾਂ ਨੂੰ ਨਾ ਗੁਰਬਾਣੀ ਦੇ ਸ਼ੁੱਧ ਉਚਾਰਨ ਦੀ ਤੇ ਨਾ ਗੁਰਬਾਣੀ ਵਿਆਕਰਣ ਦੀ ਜਾਣਕਾਰੀ ਹੁੰਦੀ ਹੈ, ਨਾ ਰਹਿਤ ਮਰਿਯਾਦਾ, ਨਾ ਸੰਜਮੀ, ਸੰਤੋਖੀ ਤੇ ਗੁਰਮੁਖ ਬਿਰਤੀ ਹੁੰਦੀ ਹੈ ਅਤੇ ਨਾ ਹੀ ਆਚਾਰ ਤੇ ਵਿਹਾਰ ਵਿੱਚ ਮਹਿਕਦੀ ਜੀਵਨ ਜਾਚ ਦੀ ਕਣੀ ਹੁੰਦੀ ਹੈ। ਫਿਰ ਵੀ ਅਜਿਹੇ ਪਾਠੀ-ਪਾਠਣਾ ਧਾਰਮਿਕ ਅੰਧ ਵਿਸ਼ਵਾਸ ਦਾ ਲਾਭ ਉਠਾ ਰਹੇ ਹਨ, ਗੁਰੂ ਦੇ ਵਜੀਰ ਬਣੇ ਹੋਏ ਹਨ। ਖਾਣ ਪੀਣ ਦੇ ਬੇਅੰਤ ਪਦਾਰਥਾਂ ਨਾਲ਼ ਤੇ ਮਾਇਆ ਦੇ ਬੇਅੰਤ ਗੱਫਿਆਂ ਨਾਲ਼ ਮੌਜਾਂ ਕਰਦੇ ਪਏ ਹਨ।

ਗੁਰਮਤਿ ਵਿੱਚ ਪ੍ਰਚਾਰਕਾਂ ਜਾਂ ਕਥਾਵਾਚਕਾਂ ਦੀ ਵਿਸ਼ੇਸ਼ ਭੂਮਕਾ ਹੈ। ਪ੍ਰਚਾਰਕ ਜਾਂ ਕਥਾਵਾਚਕ ਗੁਰਮਤਿ ਤੇ ਗੁਰਬਾਣੀ ਦਾ, ਸਿੱਖ-ਇਤਹਾਸ ਤੇ ਸਿੱਖ-ਸਿਧਾਂਤਾਂ ਦਾ, ਸਿੱਖ ਰੀਤਾਂ, ਰਸਮਾਂ ਤੇ ਪਰੰਪਰਾਵਾਂ ਦਾ ਪਹੁੰਚਿਆ ਹੋਇਆ ਗਿਆਨਵਾਨ ਹੋਣਾ ਚਾਹੀਦਾ ਹੈ। ਉਹ ਸੰਸਾਰ ਦੇ ਭਿੰਨ ਭਿੰਨ ਮੱਤਾਂ ਤੇ ਰੀਤਾਂ



ਰਸਮਾਂ ਦਾ, ਇਤਹਾਸ, ਮਿਥਹਾਸ, ਭੂਗੋਲ ਤੇ ਭਾਸ਼ਾਵਾਂ ਦਾ, ਲੋਕ-ਉਕਤੀਆਂ, ਅਲੰਕਾਰਾਂ, ਭਿੰਨ ਭਿੰਨ ਟੂਕਾਂ, ਸ਼ਬਦਾਂ ਤੇ ਸ਼ੇਅਰਾਂ ਦਾ ਚਲਦਾ ਫਿਰਦਾ ਇਨਸਾਈਕਲੋਪੀਡੀਆ ਹੋਣਾ ਚਾਹੀਦਾ ਹੈ। ਉਸ ਦੀ ਬੋਲੀ, ਸ਼ੈਲੀ ਤੇ ਸ਼ਬਦਾਵਲੀ ਵਿੱਚ ਨਿਰਮਲ ਨਦੀ ਦੇ ਨੀਰ ਵਰਗਾ ਵੇਗ ਤੇ ਵਹਾਅ ਹੋਵੇ ਅਤੇ ਉਸ ਵਿੱਚ ਮਨੁੱਖੀ ਮਨ ਦੀਆਂ ਮੂਲ ਪਰਵਿਰਤੀਆਂ ਨੂੰ ਜੋੜਨ, ਝੰਜੋੜਨ ਤੇ ਕੀਲਣ ਸਮਰੱਥਾ ਹੋਵੇ। ਉਹ ਹਸਾ ਵੀ ਸਕਦਾ ਹੋਵੇ ਤੇ ਰੁਆ ਵੀ ਸਕਦਾ ਹੋਵੇ। ਪਰ ਸੁਘੜ ਸੁਜਾਨ ਵਿਦਵਾਨ ਕਥਾਕਾਰਾਂ ਨੂੰ ਇਤਹਾਸ ਤੇ ਮਿਥਹਾਸ ਨੂੰ ਰਲ਼ਗੱਡ ਕਰਨ ਅਤੇ ਤੱਥ-ਰਹਿਤ ਕੌਤਕੀ ਤੇ ਕਰਾਮਾਤੀ ਸਾਖੀਆਂ ਤੋਂ ਆਪਣਾ ਦਾਮਨ ਪੂਰੀ ਸਾਵਧਾਨੀ ਨਾਲ਼ ਪਾਕ-ਪਵਿੱਤਰ ਰਖਣਾ ਚਾਹੀਦਾ ਹੈ।

ਗੁਰਮਤਿ ਵਿੱਚ ਕੀਰਤਨ ਦਾ ਅਸਲ ਸੋਮਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਾਵਿ-ਰਸ ਤੇ ਰਾਗ-ਰਸ ਦੀ ਭਾਵਨਾਤਮਿਕ ਏਕਤਾ ਦੀ ਲੜੀ ਵਿੱਚ ਓਤ ਪੋਤ ਹੈ। ਗੁਰਬਾਣੀ ਰੂਹਾਨੀ ਤੇ ਆਤਮਿਕ ਰਸ ਪ੍ਰਦਾਨ ਕਰਦੀ, ਕਲਾਸੀਕਲ ਰਾਗਾਂ ਦੇ ਵਿਧੀ ਵਿਧਾਨ ਅਨੁਸਾਰ ਕੀਰਤਨ ਦੀ ਸੋਝੀ ਦਿੰਦੀ ਅਤੇ ਮਨੁੱਖੀ ਜੀਵਨ-ਜਾਚ ਦਾ ਮਾਰਗ ਦਰਸ਼ਨ ਕਰਦੀ ਹੈ।

ਸਿੱਖ ਵਿਚਾਰਧਾਰਾ ਵਿੱਚ ਗੁਰਬਾਣੀ ਕੀਰਤਨ ਦੁਆਰਾ ਪਰਮੇਸ਼ਰ ਦੀ ਕੀਰਤੀ ਕਰਨ ਜਾਂ ਅਰਾਧਨਾ ਕਰਨ ਦਾ ਸਿਧਾਂਤ ਹੈ। ਸਿੱਖ ਦੇ ਹਰ ਦੁਖ ਸੁਖ ਵਿੱਚ ਕੀਰਤਨ ਕਰਨ ਦੀ ਰੀਤ ਹੈ। ਸਭ ਤੋਂ ਮਹਾਨ ਗੱਲ ਪੰਜਵੇਂ ਗੁਰਦੇਵ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਵਿੱਚ ਪੱਕੇ ਰਾਗਾਂ, ਰੀਤਾਂ ਤੇ ਧਰੂਪਦ ਧਮਾਰ ਦੀਆਂ, ਭਿੰਨ ਭਿੰਨ ਤਾਲਾਂ ਪੜਤਾਲਾਂ ਦੁਆਰਾ ਸਰਸ਼ਾਰੀ ਕੀਰਤਨ ਦੀ ਮਰਿਯਾਦਾ ਅਰੰਭ ਕੀਤੀ ਅਤੇ ਹਰਿਮੰਦਰ ਸਾਹਿਬ ਕਲਾਸੀਕਲ ਗਾਇਕੀ ਦਾ ਮਹਾਂ ਕੁੰਭ ਬਣ ਗਿਆ। ਪਰ ਜਦੋਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਰਾਜਨੀਤੀ ਨੇ ਪੈਰ ਪਸਾਰਨੇ ਸ਼ੁਰੂ ਕੀਤੇ ਹਨ। ਲਿਹਾਜਦਾਰੀਆਂ ਤੇ ਸਿਫਾਰਸ਼ਾਂ ਦਾ ਬੋਲਬਾਲਾ ਹੋ ਗਿਆ; ਇਸ ਨਾਲ਼ ਕਈ ਤਰ੍ਹਾਂ ਦੀ ਕਮਜ਼ੋਰੀਆਂ ਸ਼ੁਰੂ ਹੋ ਗਈਆਂ ਹਨ। ਗੁਰਮਤਿ ਗਿਆਨ ਤੇ ਕੀਰਤਨ ਕਲਾ ਦਾ ਮਿਆਰ ਵੀ ਪਹਿਲਾਂ ਵਾਲਾ ਨਾ ਰਿਹਾ।

ਧਿਆਨ ਦੇਣ ਯੋਗ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 31 ਸ਼ੁੱਧ ਤੇ 31 ਮਿਸਰਤ ਰਾਗ ਹਨ। ਕਿੰਨੇ ਰਾਗੀ ਸਿੰਘ ਹਨ; ਜੋ ਇੰਨ੍ਹਾ 62 ਰਾਗਾਂ ਵਿੱਚੋਂ ਕੁੱਝ ਰਾਗਾਂ ਵਿੱਚ ਕੀਰਤਨ ਕਰਨ ਦੀ ਮੁਹਾਰਤ ਰਖਦੇ ਹਨ? ਪੜਤਾਲ ਸਭ ਤੋਂ ਸੂਖਮ, ਔਖੀ ਤੇ ਬਿੱਖੜੀ ਗਾਇਕੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੀਆਂ ਵੱਖ ਵੱਖ 7 ਰਾਗਾਂ ਵਿੱਚ 19 ਪੜਤਾਲਾਂ ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀਆਂ ਵੱਖ ਵੱਖ 10 ਰਾਗਾਂ ਵਿੱਚ 36 ਪੜਤਾਲਾਂ ਹਨ। ਪਰ ਕਿੰਨੇ ਰਾਗੀ ਸਿੰਘ ਹਨ ਜੋ ਇੰਨ੍ਹਾ 55 ਪੜਤਾਲਾਂ ਵਿੱਚੋਂ ਇੱਕ ਅੱਧੀ ਵੀ ਪੜਤਾਲ ਗਾਉਣ ਦੀ ਮੁਹਾਰਤ ਰੱਖਦੇ ਹਨ ? ਜਾਂ ਪੜਤਾਲ ਦੀ ਬਣਤਰ ਤੇ ਉਸ ਦੀ ਪਰੀਭਾਸ਼ਾ ਦੀ ਕਿੰਨਿਆਂ ਨੂੰ ਜਾਣਕਾਰੀ ਹੈ? ਕਿੰਨਿਆਂ ਦੇ ਭਾਂਡੇ ਭਰੇ ਹੋਏ ਤੇ ਕਿੰਨਿਆਂ ਦੇ ਖਾਲਮ ਖਾਲੀ?

ਜਿਵੇਂ ਸੁੰਦਰਤਾ ਵਿੱਚ ਵਾਧਾ ਕਰਨ ਲਈ ਸੁਰਖੀ, ਬਿੰਦੀ ਤੇ ਕੀਮਤੀ ਗਹਿਣਿਆਂ ਨਾਲ਼ ਹਾਰ ਸ਼ਿੰਗਾਰ ਕੀਤਾ ਜਾਂਦਾ ਹੈ; ਇਸੇ ਤਰ੍ਹਾਂ ਗਾਇਨ-ਕਲਾ ਤੇ ਕਾਵਿ-ਕਲਾ ਵਿੱਚ ਭਿੰਨ ਭਿੰਨ ਅਲੰਕਾਰਾਂ ਦੁਆਰਾ ਸੁਹਜ ਸ਼ਿੰਗਾਰ ਕਰਨ ਦਾ ਖੂਬਸੂਰਤ ਵਿਧਾਨ ਹੈ। ਅਲਾਪ, ਤਾਨ, ਸਰਗਮ, ਮੀਂਡ, ਮੁਰਕੀ ਆਦਿ ਕੀਰਤਨ ਕਲਾ ਦੇ ਅਲੰਕਾਰ ਹਨ। ਇੰਨ੍ਹਾਂ ਬਗੈਰ ਗਾਇਕੀ ਫਿੱਕੀ, ਨੀਰਸ ਤੇ ਅਧੂਰੀ ਹੈ। ਸੰਗੀਤ ਦੀ ਦੁਨੀਆਂ ਵਿੱਚ ਬੇਅੰਤ ਰਾਗਾਂ, ਤਾਲਾਂ, ਲੈਆਂ ਅਤੇ ਗਾਇਨ-ਸ਼ੈਲੀਆਂ ਦਾ ਵਿਸਥਾਰ ਹੈ। ਪਰ ਇਸ ਵਿਸਥਾਰ ਦੀ ਡੂੰਘੀ ਜਾਣਕਾਰੀ ਤੇ ਟੂਣੇਹਾਰੀ ਪੇਸ਼ਕਾਰੀ ਲਈ ਅਪਾਰ ਸ਼ਰਧਾ, ਡੂੰਘਾ ਸ਼ੌਕ, ਸਿਰੜ, ਸਿਦਕ ਤੇ ਬੇਨਾਗਾ ਰਿਆਜ਼ ਕਰਨ ਦੀ ਲਗਨ ਕਿੱਥੇ ਹੈ?

ਕਿੱਧਰ ਗਏ ਸਰੰਦਾ, ਰਬਾਬ, ਵਾਇਲਨ, ਦਿਲਰੁਬਾ ਤੇ ਹੋਰ ਤੰਤੀ ਸਾਜ਼? ਕਿੱਧਰ ਗਈਆਂ ਧਰੂਪਦ, ਧਮਾਰ, ਤਾਲਾਂ, ਪੜਤਾਲਾਂ ਤੇ ਰਾਗ ਗੁਲਦਸਤਿਆਂ ਦੀਆਂ ਗੂੰਜਾਂ? ਕਿੱਥੇ ਹਨ ਪੱਥਰਾਂ ਨੂੰ ਮੋਮ ਕਰਦੇ ਤੇ ਪੰਛੀਆਂ ਨੂੰ ਮੋਹਿਤ ਕਰਦੇ ਅਲਾਪ, ਤਾਨਾ, ਮੀਂਡ ਤੇ ਮੁਰਕੀਆ? ਭਾਈ ਚਾਂਦ ਵਰਗੀ ਲੈਅ-ਰਹਿਤ ਅਤੇ ਪ੍ਰੋਫੈਸਰ ਦਰਸ਼ਨ ਸਿੰਘ ਵਰਗੀ ਲੈਅ-ਸਹਿਤ ਪਰਮਾਣ ਦੇਣ ਦੀ ਵਿਦਵਤਾ ਕਿਸ ਵਿੱਚ ਹੈ? ਯਾਦ ਕਰੋਂ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ, ਸੰਤ ਸੁਜਾਨ ਸਿੰਘ ਆਦਿ ਦੀ ਕੀਰਤਨ-ਕਲਾ ਨੂੰ ਤੇ ਉਨ੍ਹਾ ਦੇ ਸਰਸ਼ਾਰੀ ਪ੍ਰਭਾਵ ਨੂੰ। ਉਹ ਖੁਦ ਖੀਵੇ ਹੁੰਦੇ ਸਨ ਤੇ ਖੁਮਾਰੀ ਤੇ ਸਰਸ਼ਾਰੀ ਪ੍ਰਭਾਵ ਦਿੰਦੇ ਸਨ। ਹੁਣ ਕੀਰਤਨ ਹੋ ਰਿਹਾ ਹੈ, ਗਾਇਕੀ ਅਲੋਪ ਹੈ। ਤੰਤੀ ਸਾਜ਼ਾਂ ਦਾ ਭੋਗ ਪੈ ਚੁੱਕਾ ਹੈ। ਕਿਉਂਕਿ ਇਹ ਔਖੇ ਹਨ, ਇੰਨ੍ਹਾ 'ਤੇ ਤਪੱਸਿਆ ਵਰਗੀ ਮਿਹਨਤ, ਸ਼ੌਕ ਤੇ ਸ਼ਰਧਾ ਕਿਧਰੇ ਦਿਖਾਈ ਨਹੀਂ ਦਿੰਦੀ।

ਕੀਰਤਨ ਵਿੱਚ ਕਲਾਸੀਕਲ ਗਾਇਕੀ ਦੇ ਅਲੋਪ ਹੋਣ ਬਾਰੇ ਵਿਦਵਾਨਾ ਦੀ ਫਿਕਰਮੰਦੀ ਬਹੁਤ ਜਾਇਜ਼ ਹੈ। ਅੱਜ ਤੋਂ ਸੌ ਸਾਲ ਪਹਿਲਾਂ 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਡੂੰਘਾ ਅਫਸੋਸ ਜ਼ਾਹਰ ਕਰਦਿਆਂ ਲਿਖਿਆ ਹੈ: "ਗੁਰੂ ਅਰਜਨ ਦੇਵ ਜੀ ਦੀਆਂ ਅਰੰਭ ਕੀਤੀਆਂ ਅਮੋਲਕ ਰੀਤਾਂ, ਤਾਲਾਂ ਤੇ ਪੜਤਾਲਾਂ ਘੋਰ ਅਣਹਿਲੀ ਕਰ ਕੇ ਸਿੱਖਾਂ ਨੇ ਭੁਲਾ ਦਿੱਤੀਆਂ ਹਨ।" ਪ੍ਰਸਿੱਧ ਸੰਗੀਤ ਸ਼ਾਸਤ੍ਰੀ ਪ੍ਰੋ: ਕਰਤਾਰ ਸਿੰਘ ਦਾ ਆਖਣਾ ਹੈ, "ਪੁਰਾਣੀ ਪੀੜ੍ਹੀ ਦੇ ਜਾਣ ਨਾਲ਼ ਕੀਰਤਨ ਦੀ ਪਰੰਪਰਾ ਸ਼ੈਲੀ ਨੂੰ ਬਹੁਤ ਧੱਕਾ ਲੱਗਾ ਹੈ। ਅੱਜ ਦਾ ਕੀਰਤਨ ਆਸਾ, ਭੈਰਵੀ, ਪਹਾੜੀ ਆਦਿ ਕੁਝ ਰਾਗਾਂ ਵਿੱਚ ਅਤੇ ਕਹਿਰਵਾ ਤੇ ਦਾਦਰਾ ਤਾਲਾਂ ਸਿਮਟ ਕੇ ਰਹਿ ਗਿਆ ਹੈ। ਰਾਗ ਬਿਹੂਨ ਕੀਰਤਨ, ਕੀਰਤਨ ਨਹੀਂ ਹੈ"

ਅਜੋਕੇ ਕੀਰਤਨ ਵਿੱਚ ਸਰਲੀਕਰਣ ਏਨਾ ਹੁੰਦਾ ਹੈ ਕਿ ਕਈ ਵਾਰ ਹਿੰਦੂਆਂ 'ਭੇਟਾਂ' ਵਿੱਚ ਤੇ ਸਿੱਖ ਕੀਰਤਨ ਵਿੱਚ ਫਰਕ ਕਰਨਾ ਔਖਾ ਹੁੰਦਾ ਹੈ।

'ਕਿਸੇ ਰਾਗੀ ਦੇ ਬਾਣੀ ਯਾਦ ਨਹੀਂ ਜਾਂ ਬਾਣੀ ਦਾ ਉਚਾਰਣ ਅਸ਼ੁੱਧ ਹੈ' ਵਰਗੇ ਮਿਹਣੇ ਹੁਣ ਪ੍ਰਭਾਵਹੀਣ ਤੇ ਅਰਥਹੀਣ ਹੋ ਗਏ ਹਨ। ਭੈਅ-ਭਾਵਨਾ ਦੁਆਰਾ ਰਿਆਜ਼ ਕਰਨ, ਸ਼ੌਕ ਤੇ ਸ਼ਰਧਾ ਤੇ ਸਮਰਪਤੀ ਭਾਵਨਾ ਦੀ ਭਿੰਨੀ ਮਹਿਕ ਕਿਧਰੇ ਗੁੰਮ ਗੁਆਚ ਗਈ ਹੈ। ਹੁਣ ਕੇਵਲ ਥੋੜ੍ਹੀਆਂ ਸੁਰਾਂ ਵਾਲੀਆਂ ਤਰਜ਼ਾਂ ਹਨ, ਕੇਵਲ ਕਹਿਰਵਾ ਤੇ ਦਾਦਰਾ ਤਾਲ ਤੇ ਸਥਾਈ ਅੰਤਰਾ ਹੈ। ਕੁੱਝ ਇਸ ਕਿਸਮ ਦੀ ਅਜੋਕੇ ਕੀਰਤਨ ਕਲਾ ਦੀ ਅਫਸੋਸਨਾਕ ਪਹਿਚਾਣ ਬਣਦੀ ਜਾ ਰਹੀ ਹੈ।

ਹਰ ਕੋਮਲ ਕਲਾ ਜਜ਼ਬਿਆਂ ਦੀ ਕਲਾ ਹੈ, ਖੁਦ ਖੀਵੇ ਹੋਣ ਤੇ ਖੀਵੇ ਕਰਨ ਦੀ ਅਤੇ ਰੂਹਾਨੀ ਤੇ ਵਿਸਮਾਦੀ ਰਸ ਦੇਣ ਦੀ ਕਲਾ ਹੈ। ਇਹ ਭੁੱਲਣਾ ਨਹੀਂ ਚਾਹੀਦਾ ਕਿ ਕਲਾਸੀਕਲ ਬੰਦਸ਼ਾਂ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਏ ਵੀ ਅਤੇ ਖੁਸ਼ੀ, ਗਮੀ ਤੇ ਸ਼ੁਕਰਾਨੇ ਦੇ ਸ਼ਬਦਾਂ ਦਾ ਕੀਰਤਨ ਕਰਦੇ ਹੋਏ ਵੀ ਬਹੁਤੇ ਰਾਗੀ ਸਿੰਘਾਂ ਦੀ ਪੇਸ਼ਕਾਰੀ ਵਿੱਚ ਖੁਮਾਰੀ, ਸਰਸ਼ਾਰੀ ਤੇ ਵਿਸਮਾਦੀ ਪ੍ਰਭਾਵ ਨਹੀਂ ਹੁੰਦਾ। ਅਜਿਹੇ ਨੂਰੀ ਪ੍ਰਭਾਵ ਬਗੈਰ ਗਾਇਕੀ ਦੇ ਕੋਈ ਅਰਥ ਨਹੀਂ, ਇਹ ਸਿੱਖ ਕੀਰਤਨ ਕਲਾ ਦੀ ਅਤੇ ਪਵਿੱਤਰ ਗੁਰਬਾਣੀ ਦੀ ਬੇਅਦਬੀ ਕਰਨ ਦੇ ਤੁੱਲ ਹੈ। ਜਿੰਨ੍ਹਾਂ ਕੀਰਤਨਕਾਰਾਂ ਨੂੰ ਕਲਾ ਦੀ ਅਜਿਹੀ ਸੂਖਮਤਾ ਦਾ, ਖੁਮਾਰੀ, ਸਰਸ਼ਾਰੀ ਤੇ ਵਿਸਮਾਦੀ ਕਲਾ ਦਾ ਗਿਆਨ ਨਹੀਂ, ਖੀਵੇ ਕਰਨ ਕਰਾਉਣ ਦੀ ਅਵਸਥਾ ਦੇ ਮਾਲਕ ਨਹੀਂ, ਉਨ੍ਹਾਂ ਨੂੰ ਇਸ ਪਵਿੱਤਰ ਮਾਰਗ ਤੋਂ ਪਾਸੇ ਹੋ ਜਾਣਾ ਚਾਹੀਦਾ ਹੈ ਜਾਂ ਕਰ ਦੇਣੇ ਚਾਹੀਦੇ ਹਨ।

ਅਜੋਕੇ ਸਿੱਖ-ਧਾਰਮਿਕ ਤੇ ਗੁਰਮਤਿ ਸੱਭਿਆਚਾਰ ਵਿੱਚ ਗਿਰਾਵਟ ਦੀ ਜ਼ੁੰਮੇਵਾਰੀ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਦੀ ਹੈ। ਭਾਵੇਂ ਪ੍ਰਬੰਧਕ ਕਮੇਟੀਆਂ ਦੇ ਜ਼ੁੰਮੇ ਹੋਰ ਵੀ ਬਥੇਰੇ ਕਾਰਜ ਹੋਣਗੇ, ਮੁਬਾਰਕ ਹੋਣ ਹੋਰ ਕਾਰਜ ਵੀ, ਉਹ ਵੀ ਜ਼ਰੂਰੀ ਹਨ। ਪਰ ਹਰ ਕਮੇਟੀ ਵਿੱਚ ਜੇ ਸਾਰੇ ਨਹੀਂ ਤਾਂ ਘੱਟੋ ਘੱਟ ਇੱਕ ਗੁਰ ਸਿੱਖ ਕਲਾ ਪਾਰਖੂ ਵਿਦਵਾਨ ਲਾਜ਼ਮੀ ਚਾਹੀਦਾ ਹੈ; ਜੋ ਸਰਵ-ਪੱਖੀ ਵਿਦਵਤਾ ਦਾ ਮਾਹਰ ਹੋਵੇ। ਉਹ ਕਿਤੇ ਬੈਠਾ ਖੜ੍ਹਾ ਹੋਵੇ, ਉਸ ਦੇ ਕੰਨ ਹਰ ਰਾਗੀ, ਢਾਡੀ, ਪਾਠੀ, ਪ੍ਰਚਾਰਕ ਦੀ ਵਿਦਵਤਾ ਵੱਲ, ਉਸ ਦੀ ਪੇਸ਼ਕਾਰੀ, ਪ੍ਰਭਾਵ ਤੇ ਮਿਆਰ ਵੱਲ ਅਤੇ ਸਟੇਜ ਦੀ ਹਰ ਪ੍ਰਕਿਰਿਆ ਦੀ ਪਰਖ ਪੜਚੋਲ ਵੱਲ ਲੱਗੇ ਹੋਣ। ਉਹ ਹਰ ਵਿਦਵਾਨ ਦੀ ਵਿਦਵਤਾ ਦੀਆਂ ਖੂਬੀਆਂ-ਖਾਮੀਆਂ ਨੋਟ ਕਰੇ ਅਤੇ ਇੱਕ ਕਾਮਲ ਮੁਰਸ਼ਦ ਵਾਂਗ ਹਰ ਵਿਦਵਾਨ ਦੀ ਹਰ ਕਲਾ ਨੂੰ ਤਬਲੇ ਦੀ ਕਨਾਰ ਵਾਂਗ ਟੁਣਕਾਅ ਕੇ ਠੁੱਕ ਸਿਰ ਕਰਨ ਦਾ ਜ਼ੁੰਮੇਵਾਰ ਹੋਵੇ। ਇਸ ਪਰਖ ਪੜਚੋਲ ਤੇ ਫੈਸਲੇ ਅਨੁਸਾਰ ਪ੍ਰਬੰਧਕ ਕਮੇਟੀ ਜਿੱਥੇ ਗੁਣੀ ਜਨਾਂ ਦੇ ਗੁਣਾਂ ਤੇ ਖੂਬੀਆਂ ਦਾ ਸਨਮਾਨ ਕਰੇ; ਉੱਥੇ ਕਿਸੇ ਵੀ ਊਣੇ ਅਧੂਰੇ ਰਾਗੀ, ਢਾਡੀ, ਪਾਠੀ ਪ੍ਰਚਾਰਕ ਤੇ ਵਿਦਵਾਨ ਨੂੰ ਡਿਊਟੀ ਤੋਂ ਚਲਦਾ ਕਰੇ। ਇਸ ਪੱਖੋਂ ਕਿਸੇ ਨਾਲ਼ ਕੋਈ ਲਿਹਾਜਦਾਰੀ, ਵਧੀਕੀ ਜਾਂ ਵਿਤਕਰਾ ਨਾ ਕੀਤਾ ਜਾਵੇ। ਜੇ ਇਸ ਪੱਖ ਵੱਲ ਧਿਆਨ ਨਾ ਦਿੱਤਾ ਤਾਂ ਗੁਰਬਾਣੀ ਵਿਆਕਰਣ ਦੀ ਮਹਾਨਤਾ, ਸਿੱਖੀ ਦੇ ਮਹਾਨ ਆਦਰਸ਼ਕ ਸਿਧਾਂਤ, ਗੁਰਮਤਿ ਦਾ ਅਰਸ਼ੀ ਅਗੰਮੀ ਗਿਆਨ, ਸਿੱਖ ਇਤਹਾਸ ਤੇ ਕੀਰਤਨ ਕਲਾ ਦਾ ਗਰਾਫ ਹੋਰ ਵੀ ਡਿੱਗੇਗਾ ਅਤੇ ਕੌਮੀ ਪੱਧਰ 'ਤੇ ਇਸ ਦਾ ਬਹੁਤ ਨੁਕਸਾਨ ਹੋਵੇਗਾ।















$300*

+

ਬਚਤ ਦੇ
ਆਸਾਨ ਤਰੀਕੇ।

ਜਦੋਂ ਤੁਸੀਂ ATB ਨੂੰ ਅਜ਼ਮਾਉਂਦੇ ਹੋ,
ਬੈਂਕ ਖਾਤਾ ਤਾਂ ਸਿਰਫ਼ ਇੱਕ ਸ਼ੁਰੂਆਤ ਹੈ।

ATB POWERING POSSIBILITY™

atb.com/bonus300 ਤੇ ਹੋਰ ਜਾਣੋ

*ਨਿਯਮ ਅਤੇ ਸ਼ਰਤਾਂ ਲਾਗੂ ਹਨ

# ਆਪਣੀ ਬੱਚਤ ਫਰੋਲ ਕੇ ਦੇਖੋ

VESTA

ਆਪਣਾ ਨਵਾਂ ਘਰ ਖਰੀਦਣ ਮੌਕੇ 20,000 ਡਾਲਰ ਦੀ ਬੱਚਤ ਕਰੋ *

## ਹੁਣੇ ਮੌਕਾ ਹੈ !




Register to find out how much you can save on your new home at South Point!

**VESTASOUTHPOINT.COM**


SINGLE FAMILY LANE HOMES


MODERN DOUBLE FRONT GARAGE


ROWHOMES


DUPLEX HOMES

**Sales Centre & Showhomes**
600 South Point Heath SW, Airdrie, AB

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**Contact us**
Margo Jaggard & Aman Sandhu
Tel: 403.980.1979
Email: southpoint@vestaproperties.com




Register to find out how much you can save on your new home at Copperstone !

**COPPERSTONELIVING.COM**


LUXURY ESTATES SINGLE FAMILY HOMES


MODERN DOUBLE FRONT GARAGE

**Contact us**
Erik van der Linden & Umair Malik
Tell: 587.674.3438
Email: copperstone@vestaproperties.com

**Sales Centre & Showhomes**
600 South Point Heath SW, Airdrie, AB
Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**Promotion applies to select homes and valid until December 31st, 2023

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਨਾਈ ਸਿੱਖ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ, ਵਿੱਦਿਅਕ ਯੋਗਤਾ: 4 Year Software Engineering University of Calgary ਤੋਂ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ,ਸੋਹਣੀ ਸੁਨੱਖੀ, ਲੰਮੀ ਪਤਲੀ, ਨਰਮ ਸੁਭਾਅ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਸੈਟਲ ਹੈ ਅਤੇ ਕਨੇਡਾ ਵਿੱਚ ਚੰਗੀ ਜੌਬ ਕਰਦਾ ਹੈ। ਸੰਪਰਕ: 403 889 6509 ਜਾਂ 91 855 8070708 ***239***

### ਲੜਕੀ ਦੀ ਲੋੜ

ਇਟਾਲੀਅਨ ਸਿਟੀਜਨ ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ਉਮਰ 39,ਕੱਦ 5 ਫੁੱਟ 11 ਇੰਚ, ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜ਼ਾ ਜਾਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਨੇ ਇਟਲੀ ਤੋਂ ਇਲੈਕਟਰੀਕਲ ਦੀ ਪੜਾਈ ਕੀਤੀ ਅਤੇ ਇਲੈਕਟਰਾਨਿਕ ਕੰਪਨੀ ਵਿੱਚ ਕੰਮ ਦਾ ਤਜ਼ਰਬਾ ਵੀ ਹੈ। ਲੜਕੇ ਦਾ ਪਿਛੋਕੜ ਪੰਜਾਬ ਤੋਂ ਜਗਰਾਵਾਂ ਨਾਲ ਹੈ। ਸੰਪਰਕ: 587 707 3871 ***239***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 6 ਫੁੱਟ 2 ਇੰਚ, ਵਿਦਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 867 4005 ***239***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਇੰਡੀਆ ਤੋਂ ਬੀ ਐਸ ਸੀ ਨਰਸਿੰਗ,ਫਿਰ ਕਨੇਡਾ ਆਕੇ ਦੋ ਸਾਲ ਹੋਰ ਪੜ੍ਹਾਈ ਕੀਤੀ ਅਤੇ ਹੁਣ ਆਰ ਐਨ ਦੀ ਜੌਬ ਕਰ ਰਹੀ ਹੈ। ਲੜਕੀ ਕੋਲ ਓਨਟਾਰੀਓ ਅਤੇ ਅਲਬਰਟਾ ਵਿੱਚ ਜੌਬ ਕਰਨ ਲਈ ਲਾਇਸੈਂਸ ਹੈ। ਹਾਣ ਪ੍ਰਵਾਣ ਦੀ ਯੋਗਤਾ,ਚੰਗੀ ਪੜ੍ਹਾਈ ਵਾਲੇ ਨਸ਼ਾ ਰਹਿਤ ਕਨੇਡਾ ਵਿੱਚ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1-825 561 7779 ***239***

### ਲੜਕੀ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 9 ਇੰਚ, ਵਿੱਦਿਅਕ ਯੋਗਤਾ ਪਲੱਸ 2 ,ਆਈ ਟੀ ਆਈ ਡਿਪਲੋਮਾ ਹੋਲਡਰ,ਨਸ਼ਾ ਰਹਿਤ ਲਈ ਕਨੇਡੀਅਨ ਪੀ ਆਰ, ਸਿਟੀਜਨ, ਵਰਕ ਪਰਮਿਟ ਜਾਂ ਸਟੱਡੀ ਵੀਜੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵਿਜਟਿਰ ਵੀਜੇ ਉੱਪਰ ਵਿਨੀਪੈਗ ਆਇਆ ਹੈ । ਲੜਕੇ ਦੇ ਮਾਂ ਪਿਉ ਅੰਮ੍ਰਿਤਧਾਰੀ ਹਨ। ਤਲਾਕਸ਼ੁਦਾ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 1 431 337 0614 ***235***

### ਲੜਕੇ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 25 ਸਾਲ ਕੱਦ 5 ਫੁੱਟ 3 ਇੰਚ ਜਨਮ 1997 ਬੀ ਏ ,ਬੀ ਐੱਡ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਪੱਕੇ ਤੌਰ ਤੇ ਕੈਲਗਰੀ ਵਿਖੇ ਹੀ ਟੀਚਰ ਦੀ ਜੌਬ ਕਰ ਰਹੀ ਹੈ ਇਸ ਲਈ ਟੀਚਰ ਅਤੇ ਕੈਲਗਿਰੀ ਨੂੰ ਪਹਿਲ ਹੈ । ਸੰਪਰਕ : ਵਟਸ ਐਪ ਮੈਸਿਜ ਜਾਂ ਫੋਨ ਕਾਲ 403 970 3191 ***238***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਮੱਲ੍ਹੀ ਪਰਿਵਾਰ ਦੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ : ਬੀ ਐਸ ਸੀ ਐਗਰੀਕਲਚਰ ਅਤੇ ਪਰੋਜੈਕਟ ਮੈਨੇਜਮੈਂਟ ਪੋਸਟ ਗਰੈਜੂਏਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 778 960 1260 ***234***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਕੰਬੋਜ਼ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਬੈਚੂਲਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਅਤੇ ਭਰਾ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਉਹਨਾਂ ਕੋਲ ਆਪਣਾ ਘਰ ਹੈ। ਲੜਕੇ ਕੋਲ ਵੀ ਆਪਣਾ ਵੱਖਰਾ ਘਰ ਹੈ । ਸੰਪਰਕ: 306 521 0275 ***238***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਵਿੱਚ ਬਚਪਨ ਤੋਂ ਰਹਿੰਦੇ , ਜੱਟ ਸਿੱਖ ਪਰਿਵਾਰ ਦੇ ਲੜਕੇ,ਜਨਮ 1991,ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ : ਅਲਬਰਟਾ ਸੂਬੇ ਤੋਂ ਹੀ ਸਪਲਾਈ ਚੇਨ ਬਿਜਨਿਸ ਮੈਨੇਜਮੈਂਟ ਪ੍ਰੋਫੈਸ਼ਨਲ ਡੇਜੀਗਨੇਸ਼ਨ,ਹੁਣ ਅਲਬਰਟਾ ਸਰਕਾਰ ਨਾਲ ਪ੍ਰਕਿਊਰਮੈਂਟ ਮੈਨੇਜਰ ਦੇ ਤੌਰ ਤੇ ਜੌਬ ਕਰ ਰਹੇ ਲਈ, ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਜੰਮੀ ਪਲ਼ੀ ਜਾਂ ਲੰਮੇ ਸਮੇਂ ਤੋਂ ਕਨੇਡਾ ਰਹਿ ਰਹੀ ,ਬਰਾਬਰ ਦੀ ਵਿੱਦਿਅਕ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ ਵਟਸਐਪ ਜਾਂ ਕਾਲ : 587 568 9364 ***237***

### ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜ਼ੇ ਉਪਰ ਆਏ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: +2 ,ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ:1 204 869 2672, **e mail: jsbaldev99@gmail.com** ***237***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 0091 9464034653 ਜਾਂ 1 236 458 2228 ***238***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ,ਉਮਰ 39 ਸਾਲ, ਕੱਦ 5 ਫੁੱਟ 9 ਇੰਚ, ਪੜੇ ਲਿਖੇ, ਵੈਲ ਸੈਟਲਡ ,ਤਲਾਕਸੁਦਾ ਲੜਕੇ ਵਾਸਤੇ ਕਨੇਡਾ ਵਿੱਚ ਹੀ ਰਹਿੰਦੀ ਪੜੀ ਲਿਖੀ, ,ਪਰਿਵਾਰਕ ਕਦਰਾਂ ਕੀਮਤਾਂ ਵਾਲੀ 35 ਸਾਲ ਤੋਂ ਘੱਟ ਉਮਰ ਵਾਲੀ ਲੜਕੀ ਦੀ ਲੋੜ ਹੈ।ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਕਾਲ ਜਾਂ ਵਟਸ ਐਪ : 368 887 9849 or email: garysb2020@gmail.com***236****

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 ***250 859 2829*** ******

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜ੍ਹੀਆ ਪਰਿਵਾਰ ਦੀ ਲੜਕੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ,ਜਨਮ 1993,ਵਿਦਿਅਕ ਯੋਗਤਾ :B.EnvD.M.Arch ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ।

ਵਿਨੀਪੈਗ ਨੂੰ ਪਹਿਲ। ਸੰਪਰਕ ਕਰਨ ਲਈ ਆਪਣੀ ਜਾਣਕਾਰੀ ਫੋਨ ਉੱਪਰ ਵਟਸ ਐਪ ਮੈਸੇਜ ਕਰਨ ਉਪਰੰਤ ਹੀ ਕਾਲ ਕੀਤੀ ਜਾਵੇ। ਸੰਪਰਕ:1 204 899 6570 ***236***

### ਲੜਕੀ ਦੀ ਲੋੜ

ਪੰਜਾਬ ਜ਼ਿਲ੍ਹਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ,ਉਮਰ 28 ਸਾਲ,ਕੱਦ 5 ਫੁੱਟ 9 ਇੰਚ,ਬੀ ਏ ਪਾਸ ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ ਸੰਪਰਕ: 001 403 992 9190 ***235***

### ਲੜਕੀ ਦੀ ਲੋੜ

Hindu punjabi khatri boy 38 years old, height 5.7 living in Vancouver upper middle class family, B.tech/MBA, now self-employed in logistics, Canadian citizen looking for a beautiful educated girl within Canada. Tourist, work permit, PR or citizen. +1 306 502 6789 ***235***

### ਲੜਕੇ ਦੀ ਲੋੜ

D.O.B.1992,Height-5'6",Caste-Ramghria, Gotra-Rupal-Deogan. Currently living in Surrey as permanent resident. Qualification Mass communication as well as Master degree in English. Moved to Canada in July 2022 with express entry. Call: 0091 93548 56600 ***235***

### ਜੀਵਨ ਸਾਥਣ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਵੈਜੀਟੇਰੀਅਨ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ ਲਈ ਜੀਵਨ ਸਾਥਣ ਦੀ ਲੋੜ ਹੈ । ਪਹਿਲਾਂ ਵਾਲੇ ਵਿਆਹ ਦਾ 1 ਮੁੰਡਾ ਅਤੇ 1 ਕੁੜੀ ਹੈ । ਲੜਕੇ ਦਾ ਆਪਣਾ ਬਿਜ਼ਨਸ ਹੈ। ਬਿਨਾਂ ਬੱਚਿਆਂ ਤੋਂ ਜਾਂ 1 ਬੱਚੇ ਵਾਲੀ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ: 1 250 552 3353 ਜਾਂ 1250 564 217 ***235***

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਆਏ ਜੁਲਾਹਾ ਸਿੱਖ ਪਰਿਵਾਰ ਦੇ ਲੜਕੇ ਤਲਾਕਸੁਦਾ,(ਕੋਈ ਬੱਚਾ ਨਹੀ) ਉਮਰ 43 ਸਾਲ, ਕੱਦ 5ਫੁੱਟ 11 ਇੰਚ, ਐਡਮਿੰਟਨ ਵਿੱਚ ਵਰਕ ਪਰਮਿਟ ਉੱਪਰ ਜੌਬ ਕਰ ਰਹੇ, ਗਰੈਜੂਏਟ ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 780 297 2254 ***235***

### ਲੜਕੀ ਦੀ ਲੋੜ

ਬਰਾੜ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਪੜ੍ਹਾਈ ਲਿਖਾਈ ਪਲੱਸ 2 ,ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੇ ਵਿਆਹ ਦਾ ਇੱਕ ਲੜਕਾ 12 ਸਾਲ ਦੀ ਉਮਰ ਦਾ ਹੈ ।ਸੰਪਰਕ: 587 973 6070***235***

### ਲੜਕੀ ਦੀ ਲੋੜ

ਇੰਡੀਆਂ ਪੰਜਾਬ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ , ਉਮਰ 22 ਸਾਲ, ਕੱਦ 5 ਫੁੱਟ 11 ਇੰਚ, ਨਸ਼ਾ ਰਹਿਤ, Chitkara University ਤੋ 231 ਦੀ ਡਿਗਰੀ ਤੇ ਦਿੱਲੀ ਤੋ Certified Fitness Trainer ਦੀ ਕੋਰਸ ਕੀਤੇ ਲੜਕੇ ਲਈ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਲੜਕੇ ਦੀ ਪੰਜਾਬ ਹਰਿਆਣੇ ਵਿੱਚ ਚੰਗੀ ਜਾਇਦਾਦ ਹੈ ! ਲੜਕੇ ਦੇ ਪਰਿਵਾਰਕ ਰਿਸ਼ਤੇਦਾਰ ਕੈਨੇਡਾ ਸੈਟਲ ਹਨ ਜੋ ਪੂਰੀ ਮਦਦ ਕਰਨਗੇ ! ਵਧੇਰੇ ਜਾਣਕਾਰੀ ਲਈ 780-700-5022 ਜਾ sukhvirbhanguGE@ gmail.com ਤੇ ਸੰਪਰਕ ਕਰ ਸਕਦੇ ਹੋ !! ***235***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਮੋਗਾ ਜਿਲੇ ਨਾਲ ਸਬੰਧਿਤ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ : 1 306 450 0239 ***234***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰੰਤ ਐਲ ਐਮ ਆਈ ਏ ਉੱਪਰ ਮੁਕਤਸਰ (ਪੰਜਾਬ) ਵਿੱਚ 11।5 ਏਕੜ ਜ਼ਮੀਨ ਦੀ ਮਾਲਕੀ ਵਾਲੇ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ +2+ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲ਼ੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ। ਸੰਪਰਕ: 1 431 996 1000 ***234***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਐਡਮਿੰਟਨ ਵਿੱਚ ਰਹਿੰਦੇ ਗਰਚਾ ਪਰਿਵਾਰ ਦੇ ਲੜਕੇ ,ਜਨਮ 1995, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਅਕਾਊਂਟਿੰਗ ਅਤੇ ਪਲੰਬਰ ਦਾ ਡਿਪਲੋਮਾ ਕੀਤਾ ਹੈ। ਸਾਰਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ । ਦੋਵੇਂ ਭੈਣਾਂ ਵਿਆਹੀਆਂ ਹੋਈਆਂ ਹਨ। ਐਡਮਿੰਟਨ ਅਤੇ ਕੈਲਗਰੀ ਨੂੰ ਪਹਿਲ , ਸੰਪਰਕ : 587 568 8795 ਜਾਂ 587 568 8796 ***234***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ, ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 4 ਇੰਚ, ਹਿਊਮਨ ਰਿਸੋਰਸ ਐਡਮਿਨ ਡਿਪਲੋਮਾਂ ਹੋਲਡਰ / ਫੂਡ ਟੈਕਨੋਲਜੀ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਨੂੰ ਪਹਿਲ। ਸੰਪਰਕ ਸਿਰਫ ਈ ਮੇਲ ਰਾਹੀਂ ਹੀ ਕਰ ਸਕਦੇ ਹੋ। ਈ ਮੇਲ: jiwangrewal52@gmail.com ***234***

### ਲੜਕੀ ਦੀ ਲੋੜ

20 ਏਕੜ ਜ਼ਮੀਨ ਦੇ ਮਾਲਕ ਸਾਬਕਾ ਸਰਪੰਚ ਅਤੇ ਹੁਣ ਗੁਰੂਘਰ ਦੀ ਕਮੇਟੀ ਦੇ ਪ੍ਰਧਾਨ ਪੰਜਾਬ ਰਹਿੰਦੇ ਜੱਟ ਸਿੱਖ ਗੋਸਲ ਪਰਿਵਾਰ ਦੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ, ਐਮ ਏ ਪਹਿਲੇ ਸਾਲ ਪੜ੍ਹਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕਾ ਕਨੇਡਾ ਆਕੇ ਆਪਣੇ ਅੰਕਲ ਦੇ ਹੋਟਲ ਬਿਜਨਿਸ ਦੀ ਟੀਮ ਦਾ ਹਿਸਾ ਬਣ ਸਕਦਾ ਹੈ। ਸੰਪਰਕ: 1 780 901 3797***234***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਨਾਈ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਉਮਰ 26 ਸਾਲ,ਕੱਦ 5 ਫੁੱਟ 8 ਇੰਚ, ਯੂਨੀਵਰਸਿਟੀ ਕੈਲਗਰੀ ਤੋਂ ਬੀ ਐਸ ਸੀ ਨਰਸਿੰਗ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਲੜਕੀ ਇਸ ਵੇਲੇ 45 ਡਾਲਰ /ਘੰਟਾ ਦੀ ਆਰ ਐਨ(ਰਜਿਸਟਰਡ ਨਰਸ) ਦੀ ਜੌਬ ਕਰ ਰਹੀ ਹੈ। ਫੋਨ ਦਿਨ ਦੇ 2:00 ਵਜੇ ਤੋਂ ਲੈਕੇ ਰਾਤ ਦੇ 12:00 ਵਜੇ ਦੇ ਦਰਮਿਆਨ ਹੀ ਕੀਤਾ ਜਾਵੇ। ਸੰਪਰਕ: 587 581 3088 ***234***

### ਲੜਕੀ ਦੀ ਲੋੜ

ਪੰਜਾਬ ਰਹਿੰਦੇ 4 ਕਿੱਲੇ ਸਹਿਰੀ ਜਾਇਦਾਦ ਦੇ ਮਾਲਕ ,ਜੱਟ ਸਿੱਖ,ਅੰਮ੍ਰਿਤਧਾਰੀ,ਉਮਰ 29 ਸਾਲ,ਕੱਦ 6 ਫੁੱਟ, 5 ਸਾਲ ਦਾ ਤਜ਼ਰਬਾ ਰੱਖਣ ਵਾਲੇ ਮਕੈਨੀਕਲ ਇੰਜੀਨੀਅਰ ਲੜਕੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:ਵਟਸਐਪ 94658-46544 ***234***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਜਿਲਾ ਮੋਗਾ ਨਾਲ ਸਬੰਧਿਤ ਐਮ ਏ ਇੰਗਲਿਸ਼,ਬੀ ਐੱਡ ਲਈ ਪੜੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 825 205 3609 ਜਾਂ 403 951 1954 ***234***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000



**ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ**

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.






**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**






ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


### ਜਰੂਰੀ ਸੂਚਨਾ

ਇੰਡੀਅਨ ਐਕਸ ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ ਕੈਲਗਰੀ ਵੱਲੋਂ ਆਪਣੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ, ਕਿ 30 ਦਸੰਬਰ 2023 ਦਿਨ ਸਨਿੱਚਰਵਾਰ ਨੂੰ ਕ੍ਰਿਸਮਿਸ ਅਤੇ ਨਵੇਂ ਸਾਲ ਨੂੰ ਜੀ ਆਇਆਂ ਨੂੰ ਆਖਦਿਆਂ ਇੱਕ ਸਮਾਗਮ ਫਾਹਦ ਰੈਸਟੋਰੈਂਟ ਕੈਲਗਰੀ ਵਿਖੇ ਦੁਪਹਿਰ 12:00 ਵਜੇ ਤੋਂ ਲੈਕੇ ਸਾਮ 5:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਰੈਸਟੋਰੈਂਟ ਭਾਟੀਆ ਕਲਾਥ ਹਾਊਸ ਵਾਲੇ ਪਲਾਜੇ ਵਿੱਚ ਹੈ,ਜਿੱਥੇ ਦੁਪਹਿਰ ਦੇ ਖਾਣੇ ਦਾ ਪੂਰਾ ਪਰਬੰਧ ਹੋਵੇਗਾ । ਜਿਹੜੇ ਮੈਂਬਰ ਇਸ ਸਮਾਗਮ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ ਉਹ ਕ੍ਰਿਪਾ ਕਰਕੇ ਐਸੋਸੀਏਸ਼ਨ ਦੇ ਦਫਤਰ ਨਾਲ ਤਾਲਮੇਲ ਕਰ ਲੈਣ ਤਾਂ ਕਿ ਉਸ ਦਿਨ ਲਈ ਢੁਕਵੇਂ ਪਰਬੰਧ ਕੀਤੇ ਜਾ ਸਕਣ।

ਵੱਲੋਂ: ਸ: ਮਹਿੰਦਰ ਸਿੰਘ ਦਿਉਲ
ਪ੍ਰਧਾਨ, ਇੰਡੀਅਨ ਐਕਸ ਸਰਵਿਸਮੈਨ ਇਮੀਗਰਾਂਟ ਐਸੋਸੀਏਸ਼ਨ ਕੈਲਗਰੀ

# BENEFITS OF WATER :



Sukhwinder Brar

The human body is about 70% water, newborns 80%, elderly 50%, muscles 75%, bones 25%. our bodies use water to deliver oxygen and nutrients to every cell in the body and to remove waste and toxins from each cell. Water is a crucial component of our nervous system and an adequate supply is needed for our nervous system to send its signals.

Back pain is a common symptom of Dehydration ; when dehydrated , even mildly, our joints are robbed of fluids. you feel more back pain in the morning, because we lose water throughout the night with night time bathroom runs and night sweats. Dehydration inflames the kidneys, and this can cause back pain. Whenever your back hurts, try drinking several glasses of water. the pain usually subsides. This makes sense because the fluid inside the body's spinal discs supports 75% of the body's weight.

When the disks in your spine lack water, they begin to degenerate and herniate more quickly. Water is the primary part of all of our digestive fluids. Saliva, bile, stomach acid, pancreatic juices, and the mucus that lines our gastrointestinal tract are mostly water. the mucus layer in our stomach is actually 98% water, and this is the best all natural protection against heartburn. The mucus layer contains bicarbonate, which effectively neutralizes stomach acid. When our bodies have adequate water, this mucus layer is thick, but when we do not, it is very thin. Contrary to popular belief, heartburn is not caused by an antacid deficiency, but rather it is usually caused by water deficiency. Water is the most effective heartburn medication there is, and the cheapest, too.

Asthma and allergies : People who suffer from asthma and /or allergies typically have high histamine levels. Histamine forces the muscles in the bronchial tubes to constrict, which inhibits airflow through the lungs. Histamine levels drop as water intake increases Don Colbert M.D.

Vascular Health : Water is good for vascular health as well. Blood is more than 80% water. Adequate water intake can help to lower blood pressure, prevent heart attacks and strokes. Our brains , which are very sensitive to dehydration, are about 85% water . One of the easiest ways to improve brain function, especially your memory, is to increase water intake.

Immune system function : Water also enhances immune system function. If you're not getting enough water you're increasing the strain on your body, and accelerating the aging process. There is no other substance that is as important to our health as water.

Signs of Dehydration : Back pain, cramps, constipation, decreased urine output, dizziness, dry skin, dry sticky mouth, fatigue, forgetfulness, feeling lightheaded, headache heartburn, irritability, indigestion, yellow urine.

LESS COMMON SIGNS ; Allergies, asthma depression, high blood pressure, migraines

SEVERE DEHYDRATION SIGNS : confusion, extreme thirst, extremely dry mouth, fever, dark urine, listlessness, low blood pressure, rapid breathing, rapid heartbeat, sunken eyes, skin so dry and shriveled that it lose elasticity, unconsciousness.

# ਪੈਰਾਂ ਦੀਆਂ ਕੁੱਝ ਮੈਡੀਕਲ ਸਮੱਸਿਆਵਾਂ



ਡਾ. ਮਨਜੀਤ ਸਿੰਘ ਬੱਲ
9872843491

ਪੈਰ, ਸਾਡੇ ਸਰੀਰ ਦਾ ਬਹੁਤ ਹੀ ਮਹੱਤਵਪੂਰਨ ਅੰਗ ਹੁੰਦੇ ਹਨ।ਮੈਡੀਕਲ ਨਜ਼ਰੀਏ ਨਾਲ ਵੇਖੀਏ ਤਾਂ ਗਿੱਟੇ ਸਮੇਤ ਪੈਰ, ਇਕ ਤਾਕਤਵਰ ਤੇ ਗੁੰਝਲਦਾਰ ਮਸ਼ੀਨ ਦੇ ਹਿੱਸੇ ਵਾਂਗ ਹੁੰਦਾ ਹੈ ਜਿਹਦੇ ਵਿਚ 30 ਹੱਡੀਆਂ, 33 ਜੋੜ ਤੇ ਸੌ ਤੋਂ ਵਧੇਰੇ ਮਾਸ-ਪੇਸ਼ੀਆਂ, ਟੈਂਡਨ ਤੇ ਲਿਗਾਮੈਂਟਸ (ਪੱਠਿਆਂ ਨੂੰ ਹੱਡੀਆਂ ਨਾਲ ਜੋੜਨ ਵਾਲੇ ਤੰਤੂ) ਹੁੰਦੇ ਹਨ।ਸਾਰੇ ਸਰੀਰ ਦਾ ਭਾਰ ਚੁੱਕਣ ਕਰਕੇ ਤਾਂ ਤਕਲੀਫ਼ਾਂ ਹੁੰਦੀਆਂ ਹੀ ਹਨ, ਪੈਰਾਂ ਨੂੰ ਹੋਰ ਵੀ ਕਈ ਤਰ੍ਹਾਂ ਦੀ ਮੈਡੀਕਲ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ ਜਿਵੇਂ ਇਨਫੈਕਸ਼ਨਾਂ, ਸੱਟਾਂ ਆਦਿ।ਪੈਰਾਂ ਦੇ ਜਮਾਂਦਰੂ ਨੁਕਸ ਇਕ ਵੱਖਰਾ ਵਿਸ਼ਾ ਹੈ।ਪੈਰਾਂ ਦੀ ਸੁੰਦਰਤਾ ਤੇ ਸਾਫ਼ ਸਫਾਈ ਵਾਸਤੇ ਲੜਕੀਆਂ ਤੇ ਔਰਤਾਂ ਸਮੇਂ ਸਮੈਂ 'ਤੇ ਆਪਣੇ ਪੈਰਾਂ ਦਾ ਪੈਡੀਕਿਓਰ ਫੲਦਚਿੁਰੲ ਕਰਵਾਉਂਦੀਆਂ ਰਹਿੰਦਿਆ ਹਨ।ਕੁਝ ਸਮੱਸਿਆਵਾਂ ਨਿਮਨ ਅਨੁਸਾਰ ਹਨ:

**ਨਹੁੰਆਂ ਦੀਆਂ:** ਨਹੁੰਆਂ ਦਾ ਅੰਦਰ ਨੂੰ ਵਧਣਾ ਜਾਂ (ਇਨਗਰੋਇੰਗ ਨੇਲ ਨਿ-ਗਰੋਨਿਗ ਂਓਲਿ): ਦਰਦ ਪੈਦਾ ਕਰਨ ਵਾਲੀ ਇਹ ਸਮੱਸਿਆ ਜੁੱਤੀ /ਬੂਟ ਪਾਉਣ ਵਾਲੇ ਵਿਅਕਤੀਆਂ ਦੇ ਪੈਰਾਂ ਵਿਚ ਹੁੰਦੀ ਹੈ।ਕਿਉਂਕਿ ਉਪਰੋਂ ਬੂਟਾਂ ਦਾ ਲਗਾਤਾਰ ਦਬਾਅ ਰਹਿੰਦਾ ਹੈ।ਆਦਤਨ ਨੰਗੇ ਪੈਰੀਂ ਰਹਿਣ ਵਾਲਿਆਂ ਵਿਚ ਇਹ ਤਕਲੀਫ਼ ਨਹੀਂ ਹੁੰਦੀ।ਅੰਗੂਠੇ ਦਾ ਨਹੁੰ ਇਕ ਪਾਸੇ ਜਾਂ ਦੋਹਵੇਂ ਪਾਸੇ ਵਧ ਕੇ ਮਾਸ (ਨਓਲਿ ਭੲਦ) ਵਿਚ ਜਾ ਵੜਦਾ ਹੈ। ਬਾਅਦ ਵਿਚ ਮਾਸ ਵਧ ਕੇ ਨਹੁੰ ਦੇ ਉਤੇ ਚੜ੍ਹ ਜਾਂਦਾ ਹੈ।ਇਸ ਜਗ੍ਹਾ 'ਤੇ ਸੋਜ ਅਤੇ ਲਾਲਗੀ ਹੋ ਜਾਂਦੀ ਹੈ, ਜੁੱਤੀ ਪਾਉਣੀ ਔਖੀ ਹੋ ਜਾਂਦੀ ਹੈ ਇਥੋਂ ਤੱਕ ਕਿ ਸੌਣ ਲੱਗਿਆਂ ਉਪਰ ਲੈਣ ਵਾਲੀ ਚਾਦਰ ਦੀ ਛੋਹ ਵੀ ਦਰਦ ਕਰਦੀ ਹੈ।ਜੇ ਧਿਆਨ ਨਾ ਦਿੱਤਾ ਜਾਵੇ ਤਾਂ ਪਾਣੀ ਜਿਹਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ ਤੇ ਬਾਅਦ ਵਿਚ ਪਾਕ ਬਣ ਜਾਂਦੀ ਹੈ।ਤੰਗ ਜੱਤੀ, ਤੰਗ ਜੁਰਾਬਾਂ, ਸਲਾਭੇ ਵਾਲੀ ਜਗ੍ਹਾ 'ਤੇ ਰੱਖੇ ਹੋਏ ਬੂਟ-ਜੁਰਾਬਾਂ, ਪੈਰਾਂ ਦੀ ਕੋਈ ਸੱਟ ਤੇ ਕਈਆਂ ਕੇਸਾਂ ਵਿਚ ਪਰਿਵਾਰਿਕ ਕਾਰਣ ਵੀ ਇਨਗਰੋਇੰਗ ਨੇਲ ਦੇ ਕਾਰਣ ਬਣਦੇ ਹਨ।

**ਸ਼ੂਗਰ ਰੋਗੀਆਂ ਦੀਆਂ ਪੈਰਾਂ ਦੀਆ ਤਕਲੀਫ਼ਾਂ:** ਸ਼ੂਗਰ ਰੋਗੀਆਂ ਵਿਚ ਖ਼ਾਸ ਕਰਕੇ ਅਨ- ਕੰਟਰੋਲਡ ਸ਼ੂਗਰ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਉਤਪੰਨ ਹੋ ਜਾਂਦੀਆਂ ਹਨ, ਜਿਵੇਂ ਗੁਰਦਿਆਂ ਦੀਆਂ, ਅੱਖਾਂ ਦੀਆਂ, ਚਮੜੀ ਦੀਆਂ, ਨਰਵਜ਼ ਦੀਆਂ ਆਦਿ।ਸ਼ੂਗਰ ਰੋਗੀਆਂ ਵਿਚ ਸੰਵੇਦਨਾ ਵਾਲੀਆਂ ਇਹਨਾਂ ਨਾੜੀਆਂ (ਨਰਵਜ਼), ਦਾ ਨੁਕਸਾਨਿਆਂ ਜਾਣਾ ਇਕ ਆਮ ਸਮੱਸਿਆ ਹੈ।ਇਸ ਨੂੰ 'ਡਾਇਆਬੈਟਿਕ ਨਿਊਰੋਪੈਥੀ ਧਓਿਬੲਟਚਿ 'ਣੁਰੋਪੳਟਹੇ' ਕਿਹਾ ਜਾਂਦਾ ਹੈ।ਜਿਵੇਂ ਸਾਧਾਰਣ ਨਾਰਮਲ ਵਿਅਕਤੀ ਨੂੰ ਪਤਾ ਹੁੰਦਾ ਹੈ ਕਿ ਜੁੱਤੀ ਤੰਗ ਹੈ ਜਾਂ ਲਗਦੀ ਹੈ, ਡਾਇਆਬੈਟਿਕ ਨਿਊਰੋਪੈਥੀ ਵਾਲੇ ਸ਼ੂਗਰ ਰੋਗੀਆਂ ਦੀਆਂ ਨਰਵਜ਼ ਕਿਉਂਕਿ ਨੁਕਸਾਨੀਆਂ ਜਾਂਦੀਆ ਹਨ, ਉਹਨਾਂ ਨੂੰ ਮਹਿਸੂਸ ਨਹੀਂ ਹੁੰਦਾ।ਛੋਟੀ ਮੋਟੀ ਪੈਰਾਂ ਦੀ ਸੱਟ, ਛਾਲਾ ਜਾਂ ਜ਼ਖ਼ਮ ਹੋ ਜਾਵੇ, ਜੁੱਤੀ ਵਿਚ ਕੋਈ ਕਿਣਕਾ ਜਾਂ ਰੋੜ ਫਸ ਜਾਵੇ ਤਾਂ ਵਿਅਕਤੀ ਨੂੰ ਪਤਾ ਹੀ ਨਹੀਂ ਲਗਦਾ, ਕੁਝ ਮਹਿਸੂਸ ਹੀ ਨਹੀਂ ਹੁੰਦਾ ਤੇ ਸਮੱਸਿਆ ਵਧਦੀ ਜਾਂਦੀ ਹੈ।

**ਖ਼ੂਨ ਨਾੜੀਆਂ ਦੇ ਨੁਕਸ (ਘੳਨਗਰੲਨੲ):** ਸਰੀਰ ਦੇ ਕਿਸੇ ਹਿੱਸੇ ਵਿਚ ਖ਼ੂਨ ਨਾੜੀ ਬੰਦ ਜੋ ਜਾਣ ਨਾਲ ਲਹੂ ਦੀ ਸਪਲਾਈ ਦੀ ਅਣਹੋਂਦ ਵਿਚ ਉਹ ਭਾਗ ਹੌਲੀ ਹੌਲੀ ਕਾਲਾ ਹੋ ਜਾਂਦਾ ਹੈ।ਸ਼ੁਗਰ ਰੋਗੀਆਂ ਵਿਚ ਜਾਂ ਨਾੜੀਆਂ ਦੇ ਰੋਗਾਂ ਵਿਚ ਪੈਰਾਂ ਦੀਆਂ ਲਹੂ-ਨਾੜੀਆਂ ਬੰਦ ਹੋਣ ਕਰਕੇ ਪੈਰ ਦਾ ਅੰਗੂਠਾ ਤੇ ਉਂਗਲੀਆਂ ਕਾਲ਼ੀਆਂ ਹੋ ਕੇ ਆਪਣੇ ਆਪ ਝੜ ਜਾਦੀਆਂ ਹਨ; ਜਾਂ ਨਸ਼ਟ ਹੋਏ ਹਿੱਸੇ ਨੂੰ ਸਰਜਰੀ ਕਰਕੇ ਕੱਟਣਾ ਪੈਂਦਾ ਹੈ।ਸ਼ੁਗਰ ਰੋਗੀਆਂ ਨੂੰ ਪ੍ਰਹੇਜ਼ ਅਤੇ ਦਵਾਈਆਂ ਨਾਲ ਬਲੱਡ ਸ਼ੁਗਰ ਨੂੰ ਕੰਟਰੋਲ ਵਿਚ ਰੱਖਣਾ ਚਾਹੀਦਾ ਹੈ।ਲੰਮੇਰੇ ਸਮੇਂ ਤੋਂ ਤੰਬਾਕੂ ਨੋਸ਼ੀ ਕਰ ਰਹੇ 'ਚੇਨ ਸਮੋਕਰਾਂ' ਛਹੳਨਿ ਸ਼ਮੋਕੲਰਸ ਵਿਚ ਹੁੰਦੀ ਹੈ ਖ਼ੂਨ ਨਾੜੀਆਂ ਦਾ ਇਕ ਹੋਰ ਰੋਗ ਹੈ ਜਿਸ ਨੂੰ ਬਰਜਰ ਡਿਸਈਜ਼ (ਭੁਰਗੲਰ'ਸ ਧਸਿੲੳਸੲ) ਕਿਹਾ ਜਾਂਦਾ ਹੈ।ਇਹਦੇ ਨਾਲ ਵੀ ਗੈਂਗਰੀਨ ਹੋ ਜਾਂਦੀ ਹੈ; ਤੇ ਪੈਰ ਜਾਂ ਲੱਤ ਕੱਟਣੀ ਪੈਂਦੀ ਹੈ।ਸੋ ਸਿਗਰਿਟ ਨੋਸ਼ੀ ਤਾਂ ਕਦੀ ਸ਼ੁਰੂ ਹੀ ਨਾ ਕਰੋ, ਜੇ ਕਰ ਚੁਕੇ ਹੋ ਤਾਂ ਘੱਟ ਕਰਕੇ ਹੌਲੀ ਹੌਲੀ ਬੰਦ ਕਰ ਦਿਓ, ਇਹ ਸੋਚ ਲਓ ਕਿ ਤੁਹਾਨੂੰ ਸਿਗਰਿਟ ਪਿਆਰੀ ਹੈ ਕਿ ਪੈਰ।



**ਉਂਚੀ ਅੱਡੀ ਵਾਲੀਆਂ ਜੁੱਤੀਆਂ ਦੀ ਸਮੱਸਿਆ:** ਇਹ ਜੁੱਤੀਆਂ ਤੁਹਾਡੇ ਸਰੀਰ ਦੇ ਭਾਰ ਨੂੰ ਅਸੰਤੁਲਿਤ ਕਰ ਦੇਂਦੀਆ ਹਨ ਜਿਹਦੇ ਨਾਲ ਪੈਰਾਂ ਤੇ ਪਿੱਠ ਵਿਚ ਤਕਲੀਫ਼ ਹੋ ਜਾਂਦੀ ਹੈ।ਇਸ ਤਰਾਂ ਦੀ ਤਕਲੀਫ਼ ਤੁਸੀ ਆਪ ਹੀ ਸਹੇੜਦੇ ਹੋ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ'।ਫਲੈਟ ਜੁੱਤੀ ਪਹਿਨਣ ਨਾਲ ਐਸੀ ਤਕਲੀਫ਼ ਤੋਂ ਬਚਿਆ ਜਾ ਸਕਦਾ ਹੈ।ਸੋ ਫੈਸ਼ਨ ਤਿਆਗ ਕੇ ਸਿਹਤ ਵੱਲਿ ਧਿਆਨ ਦੇਵੋ।

**ਫੰਗਸ/ਬੈਕਟੀਰੀਆ ਦੀਆਂ ਇਨਫੈਕਸ਼ਨਾਂ:** ਜਿਹਨਾਂ ਦੇ ਪੈਰ ਕਾਫੀ ਸਮਾਂ ਬੂਟ-ਜੁਰਾਬਾਂ ਅੰਦਰ ਰਹਿੰਦੇ ਹਨ, ਗਰਮੀ ਤੇ ਪਸੀਨੇ ਦੀ ਸਲ੍ਹਾਬ ਤੇ ਰੌਸ਼ਨੀ-ਰਹਿਤ ਮਾਹੌਲ, ਬੈਕਟੀਆਂ ਤੇ ਫੰਗਸ ਨੂੰ ਵੱਧਣ-ਫੁੱਲਣ ਲਈ ਢੁਕਵਾਂ ਹੁੰਦਾ ਹੈ।ਇਹਦੇ ਨਾਲ ਚਮੜੀ ਦੀ ਲਾਲਗੀ, ਖ਼ਾਰਸ਼ ਤੇ ਛਾਲੇ ਵੀ ਪੈ ਜਾਂਦੇ ਹਨ ਤੇ ਚਮੜੀ ਉਧੜਨੀ ਸ਼ੁਰੂ ਹੋ ਜਾਂਦੀ ਹੈ।ਜੇ ਇਸ ਨੂੰ ਅਣਗੌਲਿਆਂ ਕਰ ਛੱਡੋ ਤਾਂ ਇਨਫੈਕਸ਼ਨ, ਛੇਤੀ ਕੀਤੇ ਜਾਂਦੀ ਨਹੀਂ ਤੇ ਦੁਬਾਰਾ ਦੁਬਾਰਾ ਤਕਲੀਫ਼ ਹੁੰਦੀ ਰਹਿੰਦੀ ਹੈ।ਸੋ ਪੈਰਾਂ ਦੀ ਸਾਫ ਸਫ਼ਾਈ, ਬਹੁਤ ਜ਼ਰੂਰੀ ਹੈ।ਇਹਨਾਂ ਨੂੰ ਸੁਕਾ ਕੇ ਰੱਖੋ ਖ਼ਾਸ ਕਰਕੇ ਉਂਗਲਾਂ ਦੇ ਦਰਮਿਆਨ ਵਾਲਾ ਹਿੱਸਾ।ਉਂਗਲਾਂ ਦਰਮਿਆਨ ਪਾਊਡਰ ਪਾਓ।ਜੁਰਾਬਾਂ ਬਦਲਦੇ ਰਹੋ, ਘਰ ਵਿਚ ਫਰਸ਼ 'ਤੇ ਨੰਗੇ ਪੈਰੀਂ ਤੁਰਿਆ ਕਰੋ।ਚਮੜੀ ਵਧੇਰੇ ਖੁਸ਼ਕ ਹੋਵੇ ਤਾਂ ਮੋਇਸਚਰਾਇਜ਼ਰ ੰਸਿਟੁਰਜ਼ਿੲਰ ਦੀ ਨਿਯਮਿਤ ਵਰਤੋ ਕਰੋ।ਕੋਈ ਤਕਲੀਫ਼ ਲੰਮੇ ਸਮੇਂ ਤੋਂ ਠੀਕ ਨਾ ਹੋ ਰਹੀ ਹੋਵੇ ਤਾਂ ਡਾਕਟਰ ਦੀ ਸਲਾਹ ਜ਼ਰੂਰ ਲਵੋ।

**ਭੌਰੀਆਂ:** ਪੈਰਾਂ ਦੇ ਹੇਠਲੇ ਪਾਸੇ, ਜਿਹੜੀ ਜਿਹੜੀ ਜਗ੍ਹਾ 'ਤੇ ਪ੍ਰੈਸ਼ਰ ਪੈਂਦਾ ਹੈ (ਫਰੲਸਸੁਰੲ ਫੋਨਿਟਸ) ਉਥੇ ਹੱਡੀ ਵਾਲ਼ੇ ਭਾਗਾਂ 'ਤੇ ਭੌਰੀਆਂ ਬਣ ਜਾਂਦੀਆਂ ਹਨ।ਇਹਨਾਂ ਤੋਂ ਬਚਣ ਵਾਸਤੇ ਮੋਕਲ਼ੇ ਬੂਟ ਪਾਉਣੇ ਚਾਹੀਦੇ ਹਨ।ਇਲਾਜ ਵਾਸਤੇ ਕੌਰਨ ਕੈਪ (ਛੋਰਨ ਛੳਪ) ਹੈ ਪਰ ਕਈ ਵਾਰ ਛੋਟਾ ਉਪ੍ਰੇਸ਼ਨ ਕਰਕੇ ਇਹ ਭੌਰੀਆਂ ਕਢਵਾਉਣੀਆਂ ਪੈਂਦੀਆਂ ਹਨ।

**ਮੌਹਕੇ:** ਇਕ ਵਾਇਰਸ ਦੀ ਇਨਫੈਕਸ਼ਨ ਨਾਲ ਕਈ ਵਾਰ ਛੋਟੇ ਛੋਟੇ ਮੋਹਕੇ ਬਣ ਜਾਂਦੇ ਹਨ ਜੋ ਕਦੀ ਕਦੀ ਦਰਦ ਵੀ ਕਰਦੇ ਹਨ।ਇਹਨਾਂ ਨੂੰ ਅਣਗੌਲਿਆਂ ਕਰ ਦਈਏ ਤਾਂ ਨਾਲ਼ ਦੇ ਹਿੱਸਿਆਂ ਵਿਚ ਵੀ ਫੈਲ ਜਾਂਦੇ ਹਨ।ਪੈਰਾਂ ਦੀ ਸਫ਼ਾਈ ਦਾ ਖ਼ਾਸ ਖਿਆਲ ਰੱਖਣ ਦੀ ਜ਼ਰੂਰਤ ਹੈ।ਕੁਝ ਲੋਕਲ ਅਪਪਲਚਿੳਟੋਨਿ ਲਗਾਉਣ ਵਾਲੀਆਂ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ ਤੇ ਕਈ ਕੇਸਾਂ 'ਚ ਛੋਟੀ ਮੋਟੀ ਨਿੋਰ ਸਰਜਰੀ ਦੀ ਵੀ ਲੋੜ ਪੈਂਦੀ ਹੈ।

**ਪੈਰਾਂ 'ਚੋਂ ਬਦਬੋ:** ਮੁੜ੍ਹਕੇ ਕਾਰਣ ਗਿਲ਼ੇ/ਸਿਲ੍ਹੇ ਰਹਿਣ ਨਾਲ ਕਈ ਵਾਰ ਪੈਰਾਂ 'ਚੋਂ ਬਦਬੋ ਆਣ ਲਗਦੀ ਹੈ; ਸੋ ਕੁਝ ਸਮੇਂ ਬਾਅਦ ਬੂਟ-ਜੁਰਾਬਾਂ ਖੋਲ੍ਹ ਦੇਣੀਆਂ ਚਾਹੀਦੀਆਂ ਹਨ, ਜੁਰਾਬਾਂ ਬਦਲਦੇ ਰਹਿਣਾ ਚਾਹੀਦਾ ਹੈ ਤੇ ਪੈਰਾਂ 'ਤੇ ਐਂਟੀ ਫੰਗਲ ਅਨਟਿ ਢੁਨਗੳਲ ਪਾਊਡਰ ਪਾਉਣਾ ਚਾਹੀਦਾ ਹੈ।

**ਫਲੈਟ ਫੁਟ:** ਨਾਰਮਲ ਪੈਰਾਂ ਦੀ ਤਲ਼ੀ ਵਿਚ ਕੁਦਰਤੀ ਡੂੰਘ (ਅਰਚਹ) ਹੁੰਦਾ ਹੈ।ਜੇ ਇਹ ਡੂੰਘ ਨਾ ਹੋਵੇ ਤਾਂ ਇਸ ਨੂੰ ਫਲੈਟ ਫੁੱਟ ਕਿਹਾ ਜਾਂਦਾ ਹੈ।ਪੁਲਿਸ ਅਤੇ ਸੁਰੱਖਿਆ ਦਸਤਿਆਂ ਦੀਆਂ ਨੌਕਰੀਆਂ ਵਾਸਤੇ ਫਲੈਟ ਫੁੱਟ ਇਕ ਅਨਫਿੱਟਨੈਸ ੂਨਡਿਟਟਿਨੲਸਸ ਹੁੰਦੀ ਹੈ।

ਇਹਨਾਂ ਤੋਂ ਇਲਾਵਾ ਕਈ ਤਰ੍ਹਾਂ ਦੇ ਚਮੜੀ ਰੋਗ, ਹੱਡੀਆਂ ਤੇ ਜੋੜਾਂ ਦੀਆਂ ਬਿਮਾਰੀਆਂ, ਫੰਗਸ ਵਾਲੀਆਂ ਇਨਫੈਕਸ਼ਨਾਂ ਆਦਿ, ਪੈਰਾਂ ਦੀਆਂ ਸਮੱਸਿਆਵਾਂ ਪੈਦਾ ਕਰਦੀਆਂ ਹਨ।ਜਿਦਾਂ ਹਰੇਕ ਅੰਗ ਵਾਸਤੇ ਸੁਪਰ ਸਪੈਸ਼ਲਿਸਟ ਡਾਕਟਰ ਹੁੰਦੇ ਹਨ ਇਦਾਂ ਹੀ ਪੈਰਾਂ ਦੀਆਂ ਸਮੱਸਿਆਵਾਂ ਵਾਸਤੇ ਵੀ ਸੁਪਰ ਸਪੈਸ਼ਲਿਟ ਡਾਕਟਰ ਉਪਲਬਦ ਹਨ ਇਹਨਾਂ ਨੂੰ ਪੌਡੀਐਟਰਿਸਟ ਕਿਹਾ ਜਾਂਦਾ ਹੈ।ਸੋ ਲੋੜ ਅਨੁਸਾਰ ਇਹਨਾਂ ਡਾਕਟਰਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਧਿਆਨ ਰੱਖਣ ਵਾਲੀਆਂ ਗੱਲਾਂ ਹਨ: ਮੂੰਹ ਨਾਲੋਂ ਵੀ ਵੱਧ, ਪੈਰਾਂ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ।ਤੰਗ ਜੁੱਤੀ ਨਾ ਪਾਓ, ਨਹੁੰਆਂ ਨੂੰ ਧਿਆਨ ਨਾਲ ਕੱਟੋ, ਪੈਰਾਂ ਦੀ ਸਫ਼ਾਈ ਰੱਖੋ, ਪੈਰਾਂ ਦੀ ਸੱਟ ਤੋਂ ਬਚੋ, ਖ਼ਾਸ ਕਰਕੇ ਨਹੁੰ ਲਾਹੁਣ ਵੇਲੇ; ਤੇ ਘਰ ਵਿਚ ਫਰਸ਼ 'ਤੇ ਨੰਗੇ ਪੈਰੀਂ ਤੁਰਿਆ ਕਰੋ।ਲੋੜ ਮੁਤਾਬਿਕ, ਸਾਫ਼ ਤੇ ਕੋਸੇ ਪਾਣੀ ਦਾ ਸੇਕ।ਜੇ ਕੋਈ ਨੁਕਸ ਜ਼ਿਆਦਾ ਵਧ ਜਾਵੇ ਜੋ ਲੰਮੇ ਸਮੇਂ ਤੋਂ ਠੀਕ ਨਾ ਹੋ ਰਿਹਾ ਹੋਵੇ ਤਾਂ ਸਰਜਰੀ ਦੀ ਲੋੜ ਪੈ ਸਕਦੀ ਹੈ।

# ਔਰਤ ਜੱਜ ਵੱਲੋਂ ਮੰਗੀ ਸਵੈਇੱਛਤ ਮੌਤ ਭਾਰਤੀ ਸਿਸਟਮ ਤੇ ਚੋਟ



ਬਲਵਿੰਦਰ ਸਿੰਘ ਭੁੱਲਰ

"ਮੈਂ ਇੱਕ ਜੱਜ ਹਾਂ। ਮੇਰੇ ਨਾਲ ਸਰੀਰਕ ਤੇ ਮਾਨਸਿਕ ਤਸੱਦਦ ਹੋਇਆ ਹੈ ਪਰ ਮੈਂ ਨਿਰਪੱਖ ਜਾਂਚ ਵੀ ਨਹੀਂ ਕਰਵਾ ਸਕੀ। ਅਜਿਹੇ ਸਿਸਟਮ ਵਿੱਚ ਜਿਉਣ ਦਾ ਕੋਈ ਹੱਜ ਨਹੀਂ ਹੈ। ਮੈਨੂੰ ਸਵੈਇੱਛਤ ਮੌਤ ਦੀ ਪ੍ਰਵਾਨਗੀ ਦਿੱਤੀ ਜਾਵੇ।" ਜੇਕਰ ਇਹਨਾਂ ਸ਼ਬਦਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਉਂ ਲਗਦੈ ਕਿ ਇਹ ਝੂਠ ਹੈ, ਦੁਨੀਆਂ ਭਰ 'ਚ ਕਿਤੇ ਵੀ ਅਜਿਹਾ ਨਹੀਂ ਹੋ ਸਕਦਾ। ਪਰ ਹੈਰਾਨੀ ਹੁੰਦੀ ਹੈ ਕਿ ਭਾਰਤ ਵਿੱਚ ਅਜਿਹਾ ਹੋ ਰਿਹਾ ਹੈ।

ਉੱਤਰ ਪ੍ਰਦੇਸ਼ ਦੀ ਇੱਕ ਅਦਾਲਤ ਬਾਂਦਾ ਵਿੱਚ ਤਾਇਨਾਤ ਇੱਕ ਔਰਤ ਜੱਜ ਨੇ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਸਵੈਇੱਛਤ ਮੌਤ ਦੀ ਮੰਗ ਕੀਤੀ ਹੈ। ਉਸਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਜਦੋਂ ਉਹ ਬਾਰਾਬੰਕੀ ਵਿਖੇ ਤਾਇਨਾਤ ਸੀ ਤਾਂ ਜਿਲ੍ਹਾ ਜੱਜ ਵੱਲੋਂ ਉਸ ਨਾਲ ਸਰੀਰਕ ਤ ਮਾਨਿਸਕ ਤਸ਼ੱਦਦ ਕੀਤਾ ਗਿਆ ਅਤੇ ਰਾਤ ਨੂੰ ਮਿਲਣ ਲਈ ਦਬਾਅ ਪਾਇਆ ਗਿਆ। ਉਸ ਨੇ ਕਿਹਾ ਕਿ ਮੈਂ ਇਸ ਸਬੰਧੀ ਸਕਾਇਤ ਕੀਤੀ ਪਰੰਤੂ ਉਸਤੇ ਕੋਈ ਸੁਣਵਾਈ ਨਹੀਂ ਹੋਈ ਤੇ ਨਿਰਪੱਖ ਜਾਂਚ ਵੀ ਨਹੀਂ ਕੀਤੀ ਗਈ। ਔਰਤ ਜੱਜ ਨੇ ਨਿਰਾਸ਼ਾ ਭਰੀ ਇਸ ਚਿੱਠੀ ਵਿੱਚ ਕਿਹਾ ਕਿ ਮੈਂ ਬਹੁਤ ਵਿਸਵਾਸ਼ ਨਾਲ ਨਿਆਂਇਕ ਸੇਵਾਵਾਂ ਵਿੱਚ ਸ਼ਾਮਲ ਹੋਈ ਸੀ ਕਿ ਲੋਕਾਂ ਨੂੰ ਨਿਆਂ ਪ੍ਰਦਾਨ ਕਰਾਂਗੀ। ਇਹ ਨਹੀਂ ਸੀ ਪਤਾ ਕਿ ਉਹ ਕੰਮ ਹੀ ਮੈਨੂੰ ਇਨਸਾਫ ਲਈ ਭਿਖਾਰਣ ਬਣਾ ਦੇਵੇਗਾ। ਉਸਨੇ ਕਿਹਾ ਕਿ ਮੇਰੇ ਨਾਲ ਜਿਨਸੀ ਪਰੇਸਾਨੀ ਹੋਈ, ਦੁਰਵਿਵਹਾਰ ਕੀਤਾ ਗਿਆ, ਕੂੜੇ ਵਰਗਾ ਵਿਵਹਾਰ ਕੀਤਾ ਗਿਆ, ਮੈਂ ਲੋਕਾਂ ਨੂੰ ਇਨਸਾਫ਼ ਦੇਣ ਵਾਲੀ ਬੇਇਨਸਾਫੀ ਦਾ ਸ਼ਿਕਾਰ ਹੋਈ। ਉਸਨੇ ਬੜੇ ਦੁੱਖ ਭਰੇ ਲਹਿਜ਼ੇ ਨਾਲ ਪੱਤਰ 'ਚ ਲਿਖਿਆ, "ਮੈਂ ਭਾਰਤ 'ਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਜਿਨਸੀ ਪਰੇਸਾਨੀ ਸਾਡੇ ਜੀਵਨ ਦਾ ਸੱਚ ਹੈ। ਪੈਸਕੋ ਐਕਟ ਸਾਡੇ ਲਈ ਬਹੁਤ ਵੱਡਾ ਝੂਠ ਹੈ। ਜੇ ਔਰਤ ਸਿਕਾਇਤ ਕਰਦੀ ਹੈ ਤਾਂ ਉਸਨੂੰ ਪਰੇਸਾਨ ਕੀਤਾ ਜਾਂਦਾ ਹੈ। ਜੇ ਕੋਈ ਔਰਤ ਸੋਚਦੀ ਹੈ ਕਿ ਤੁਸੀਂ ਸਿਸਟਮ ਵਿਰੁੱਧ ਲੜੋਂਗੇ, ਤਾਂ ਮੈਂ ਦੱਸ ਦੇਵਾਂ ਕਿ ਮੈਂ ਤਾਂ ਅਜਿਹਾ ਨਹੀਂ ਕਰ ਸਕਦੀ। ਮੈਂ ਇੱਕ ਜੱਜ ਹਾਂ, ਪਰ ਆਪਣੇ ਲਈ ਨਿਰਪੱਖ ਜਾਂਚ ਵੀ ਨਹੀਂ ਕਰਵਾ ਸਕੀ। ਮੈਂ ਸਾਰੀਆਂ ਔਰਤਾਂ ਨੂੰ ਖਿਡੌਣਾ ਜਾਂ ਨਿਰਜੀਵ ਵਸਤੂ ਬਣਨ ਦੀ ਸਲਾਹ ਦਿੰਦੀ ਹਾਂ।"

ਔਰਤ ਜੱਜ ਨੇ ਇਹ ਨਿਰਾਸ਼ਾ ਭਰਿਆ ਪੱਤਰ ਲਿਖ ਕੇ ਹੀ ਸਵੈਇੱਛਤ ਮੌਤ ਦੀ ਮੰਗ ਕੀਤੀ ਹੈ। ਇਹ ਵੀ ਸੱਚ ਹੈ ਕਿ ਅਜਿਹੀ ਪ੍ਰਵਾਨਗੀ ਨਹੀਂ ਮਿਲਣੀ, ਪਰ ਇਹ ਪੱਤਰ ਭਾਰਤੀ ਸਿਸਟਮ ਤੇ ਬਹੁਤ ਵੱਡੀ ਸੱਟ ਮਾਰਦਾ ਹੈ। ਜੇ ਇੱਕ ਜੱਜ ਨਾਲ ਸਰੀਰਕ ਸੋਸਣ ਹੋਇਆ ਤੇ ਉਹ ਇਨਸਾਫ਼ ਪ੍ਰਾਪਤ ਨਹੀਂ ਕਰ ਸਕੀ ਤਾਂ ਦੇਸ਼ ਦੀਆਂ ਕਰੋੜਾਂ ਔਰਤਾਂ ਦਾ ਕੀ ਹਾਲ ਹੋਵੇਗਾ ? ਇਹ ਅੰਦਾਜ਼ਾ ਸੌਖੇ ਹੀ ਲੱਗ ਜਾਂਦਾ ਹੈ। ਉਸਨੇ ਔਰਤਾਂ ਨੂੰ ਨਿਰਜੀਵ ਵਸਤੂ ਜਾਂ ਖਿਡੌਣਾ ਬਣਨ ਦੀ ਜੋ ਸਲਾਹ ਦਿੱਤੀ ਹੈ ਇਹ ਉਸਦੀ ਮਾਨਸਿਕ ਕਮਜੋਰੀ ਕਿਹਾ ਜਾ ਸਕਦਾ ਹੈ, ਉਸ ਵੱਲੋਂ ਔਰਤਾਂ ਨੂੰ ਹੱਕ ਤੇ ਇਨਸਾਫ਼ ਲਈ ਜੂਝਣ ਦੀ ਸਲਾਹ ਦੇਣੀ ਚਾਹੀਦੀ ਸੀ। ਬਿਲਕੀਸ ਵਰਗੀਆਂ ਦਲੇਰ ਔਰਤਾਂ ਇਨਸਾਫ਼ ਲਈ ਦਹਾਕਿਆਂ ਤੋਂ ਲੜ ਵੀ ਰਹੀਆਂ ਹਨ। ਪਰ ਇਹ ਠੀਕ ਹੈ ਕਿ ਹਰ ਔਰਤ ਤਾਂ ਲੜਾਈ ਵੀ ਨਹੀਂ ਲੜ ਸਕਦੀ। ਪੈਸਕੋ ਕਾਨੂੰਨ ਨੂੰ ਝੂਠ ਕਹਿਣਾ ਵੀ ਇਹੋ ਸਪਸ਼ਟ ਕਰਦਾ ਹੈ ਕਿ ਕਾਨੂੰਨ ਲੋਕਾਂ ਨੂੰ ਇਨਸਾਫ ਤੇ ਹੱਕ ਦੇਣ ਲਈ ਹੀ ਬਣਾਏ ਜਾਂਦੇ ਹਨ, ਪਰ ਸਰਕਾਰਾਂ ਕਾਨੂੰਨ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰ ਰਹੀਆਂ।

ਦੇਸ਼ ਵਿੱਚ ਸੋਸਣ ਜਾਂ ਬੇਇਨਸਾਫ਼ੀ ਦੀ ਕੋਈ ਪਹਿਲੀ ਘਟਨਾ ਨਹੀਂ ਹੈ। ਭਾਰਤੀ ਸਿਸਟਮ ਤੇ ਨਿੱਤ ਦਿਨ ਬੇਇਨਸਾਫੀ ਦਾ ਕੋਈ ਨਾ ਕੋਈ ਧੱਬਾ ਲਗਦਾ ਰਹਿੰਦਾ ਹੈ। ਖਾਸ ਕਰਕੇ ਔਰਤਾਂ ਨਾਲ ਹੁੰਦੀਆਂ ਜਿਆਦਤੀਆਂ ਜਾਂ ਅਪਰਾਧੀ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਬਾਰੇ ਬਹੁਤ ਸਾਰੀਆਂ ਖ਼ਬਰਾਂ ਮਿਲਦੀਆਂ ਹਨ। ਦੇਸ਼ ਦਾ ਮਾਣ ਕਿਹਾ ਜਾਣ ਵਾਲੀਆਂ ਪਹਿਲਵਾਨ ਕੁੜੀਆਂ ਦਾ ਸੋਸਣ ਹੋਇਆ, ਉਹ ਲੰਬਾ ਸਮਾਂ ਧਰਨੇ ਤੇ ਬੈਠੀਆਂ ਰਹੀਆਂ ਪਰ ਉਹਨਾਂ ਦੀ ਕਿਸੇ ਨਾ ਸੁਣੀ, ਸਰਕਾਰ ਨੇ ਉਹਨਾਂ ਦੇ ਸੰਘਰਸ ਨੂੰ ਅਣਦੇਖਿਆ ਹੀ ਕਰੀ ਰੱਖਿਆ। ਔਰਤਾਂ ਨਾਲ ਸੋਸਣ ਕਰਨ, ਬਲਾਤਕਾਰ ਕਰਨ ਤੇ ਕਤਲ ਕਰਨ ਵਾਲੇ ਸੱਚਾ ਸੌਦਾ ਡੇਰਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਨੂੰ ਅਦਾਲਤ ਵੱਲੋਂ ਸਜ਼ਾ ਕਰਨ ਦੇ ਬਾਵਜੂਦ ਸਰਕਾਰਾਂ ਉਸ ਨੂੰ ਵਾਰ ਵਾਰ ਪੈਰੋਲ ਤੇ ਜੇਲ੍ਹ ਤੋਂ ਬਾਹਰ ਜਾਣ ਦੀ ਇਜਾਜਤ ਦੇ ਰਹੀਆਂ ਹਨ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਇਸ ਸਬੰਧੀ ਇਤਰਾਜ ਜਤਾਇਆ ਤੇ ਹਰਿਆਣਾ ਸਰਕਾਰ ਤੋਂ ਜਵਾਬ ਮੰਗਿਆ ਹੈ। ਅਜਿਹੀਆਂ ਘਟਨਾਵਾਂ ਦੇਸ਼ ਵਾਸੀਆਂ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ। ਭਾਰਤੀ ਸਿਸਟਮ ਤੇ ਸੁਆਲ ਖੜੇ ਕਰਦੀਆਂ ਹਨ ਅਤੇ ਨਿਰਾਸ਼ ਕਰਦੀਆਂ ਹਨ।

ਮੋਬਾ: 098882 75913


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW DRYWALL INC.
The Name You Can Trust
Products of Services:
• Insulation
• Drywall
• Taping
• Texturing
• Blow Insulation
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



ਇੰਸੂਲੇਸ਼ਨ •
ਡਰਾਈਵਾਲ •
ਟੇਪਿੰਗ •
ਬਲੋ ਇੰਸੂਲੇਸ਼ਨ •
ਟੈਕਸਚਰਿੰਗ •
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਸੱਭਿਆਚਾਰਕ ਗੀਤਕਾਰੀ ਦਾ ਪਹਿਰੇਦਾਰ ਅਮਰੀਕ ਸਿੰਘ ਤਲਵੰਡੀ

ਅਮਰੀਕ ਸਿੰਘ ਤਲਵੰਡੀ ਉਹ ਲੇਖਕ ਹਨ ਜਿਨਾਂ ਨੇ ਹਰ ਵਿਸ਼ੇ ਉਪਰ ਲਿਖਿਆ ਹੈ ਚਾਹੇ ਉਹ ਵਿਸ਼ਾ ਗੀਤਕਾਰੀ ਦਾ ਹੈ ਜਾਂ ਮਿੰਨੀ ਕਹਾਣੀ ਦਾ ਜਾਂ ਕਵਿਤਾ ਦਾ ਭਾਂਵੇ ਉਹ ਬੱਚਿਆਂ ਲਈ ਸਾਹਿਤ ਹੈ।

ਅਮਰੀਕ ਸਿਘ ਤਲਵੰਡੀ ਦਾ ਜਨਮ 12 ਦਸੰਬਰ 1949 ਨੂੰ ਸਰਦਾਰ ਪਾਲ ਸਿੰਘ ਧਨੋਆ ਅਤੇ ਮਾਤਾ ਬਸੰਤ ਕੌਰ ਦੇ ਗ੍ਰਹਿ ਵਿਖੇ ਤਲਵੰਡੀ ਕਲਾਂ (ਨੇੜੇ ਸਵੱਦੀ ਕਲਾਂ) ਜ਼ਿਲਾ ਲੁਧਿਆਣਾ ਵਿਖੇ ਹੋਇਆ।

ਅਮਰੀਕ ਸਿੰਘ ਤਲਵੰਡੀ ਨੇ ਆਪਣੀ ਕਲਮ ਦਾ ਸਫ਼ਰ ਛੋਟੀ ਉਮਰੇ 1967 ਵਿੱਚ ਸ਼ੁਰੂ ਕਰ ਦਿੱਤਾ।

ਅਮਰੀਕ ਸਿੰਘ ਤਲਵੰਡੀ ਨੂੰ ਗੀਤ ਲਿਖਣ ਦੀ ਚੇਟਕ ਦੇਵ ਥਰੀਕੇ ਵਾਲਾ, ਗੁਰਦੇਵ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਬਾਬੂ ਸਿੰਘ ਮਾਨ ਮਰਾੜ੍ਹਾ ਵਾਲੇ ਅਜਿਹੇ ਨਾਮਵਰ ਗੀਤਕਾਰਾਂ ਤੋਂ ਲਗ ਗਈ।

ਸਭ ਤੋਂ ਪਹਿਲਾਂ ਇਹਨਾਂ ਦਾ ਲਿਖਿਆ ਗੀਤ ਸੁਰਿੰਦਰ ਛਿੰਦੇ ਦੀ ਆਵਾਜ਼ ਵਿੱਚ ਰਿਕਾਰਡ ਹੋਇਆ..

...ਪਹਾੜ ਜਿੱਡੇ ਲਾਰੇ ਹੀਰੇ ਰੱਖੇ ਤੂੰ ਕੁਆਰੇ...
ਚੜ੍ਹ ਖੇੜਿਆਂ ਦੀ ਡੋਲੀ
ਨੀ ਤੂੰ ਭੁੱਲ ਗਈ ਏ ਸਾਰੇ..

ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਧਾਰਮਿਕ ਅੱਠ ਗੀਤ ਇਕੱਠੇ ਆਏ ਜੋ ਸਾਰੇ ਅਮਰੀਕ ਤਲਵੰਡੀ ਦੇ ਹੀ ਲਿਖੇ ਹੋਏ ਸਨ। ਉਹ ਅੱਠ ਗੀਤਾਂ ਦਾ ਟਾਈਟਲ ਗੀਤ 'ਚੜ੍ਹਿਆ ਸੋਧਣ ਧਰਤ ਲੁਕਾਈ ' ਸੀ।

o.. ਚੜ੍ਹਿਆ ਸੋਧਣ ਧਰਤ ਲੁਕਾਈ...
ਪੱਟੀ ਜੜ੍ਹ ਬਰਬਾਦੀ ਦੀ..
ਗੁਰੂ ਨਾਨਕ ਤੋਂ ਵੱਡਾ ਦੱਸੋ
ਕਿਹੜਾ ਇਨਕਲਾਬੀ ਸੀ..

ਇਹ ਅੱਠ ਗੀਤਾਂ ਤੋਂ ਬਿਨਾਂ ਮਾਣਕ ਦੀ ਆਵਾਜ਼ ਵਿੱਚ ਹੋਰ ਗੀਤ...

o..ਕਿਸੇ ਦੀ ਗਰੀਬੀ ਦਾ ਮਜ਼ਾਕ
ਨਹੀ ਉਡਾਈਦਾ..
ਦਿੱਤਾ ਹੋਵੇ ਬਹੁਤਾ ਦਾਤੇ ਵੰਡ
ਵੰਡ ਖਾਈਦਾ...
o...ਮਰਨਾਂ ਹੈਗਾ ਸੱਚ ਵੇ ਲੋਕਾਂ
ਫਿਰ ਕਿਉ ਸੱਚ ਪਛਾਣੇ ਨਾਂ..
ਰੱਬ ਮੌਤ ਨੂੰ ਭੁੱਲ ਕੇ ਬੰਦੇ
ਬੰਦੇ ਨੂੰ ਬੰਦਾ ਜਾਣੇ ਨਾਂ..
o..ਹਰ ਵਲੇ ਜੀਭਾਂ ਉੱਤੇ ਰਹੇ
ਤੇਰਾ ਨਾਮ ਵੇ..
ਚਰਨਾਂ ਚ ਦੇ ਦੇ ਮੈਨੂੰ ਕਮਲੀ ਨੂੰ
ਥਾਂ ਵੇ...

ਆਦਿ ਬਹੁਤ ਸਾਰੇ ਗੀਤ ਗਾਏ। ਦਿਲਸ਼ਾਦ ਅਖ਼ਤਰ, ਰੰਜਨਾਂ, ਪਾਲੀ ਦੇਵਤਵਾਲੀਆ, ਗੁਰਪਾਲ ਪਾਲ ,ਹਰਭਜਨ ਮਾਨ, ਰਮੇਸ਼ ਗੁਲਾਟੀ,ਅੰਗੇਰਜ ਅਲੀ,ਦਲੇਰ ਪੰਜਾਬੀ ,ਬਲਜੀਤ ਬਾਦਸ਼ਾਹ,ਸੁਰਜੀਤ ਆਲੀਵਾਲ ਸਤਪਾਲ ਕਿੰਗਰਾ ਆਦਿ 40 ਗਾਇਕਾ ਨੇ ਇਹਨਾਂ ਦੇ ਲਿਖੇ ਗੀਤ ਗਾਏ ਹਨ।

ਅਮਰੀਕ ਤਲਵੰਡੀ ਗਾਇਕਾਂ ਨੂੰ ਸਾਫ ਸੁਥਰੇ ਗੀਤ ਹੀ ਲਿਖ ਕੇ ਦੇ ਰਹੇ ਹਨ। ਹੁਣ ਉਹ ਪੰਜਾਬੀ ਗੀਤਕਾਰੀ ਸਭਾ ਪੰਜਾਬ ਦੇ ਸਰਪ੍ਰਸਤ ਵੀ ਹਨ।ਅੱਜ ਕੱਲ ਜੋ ਬੱਚੇ ਵਿਦੇਸ਼ਾ ਵਿਚ ਜਾ ਕੇ ਮਿਹਨਤ ਕਰਕੇ ਆਪਣੇ ਕਾਰੋਬਾਰਾਂ ਨੂੰ ਤਰਜੀਹ ਦੇ ਰਹੇ ਹਨ ਉਹਨਾਂ ਤੇ ਲਿਖਿਆ ਗੀਤ ਅਤੇ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ 'ਆਪਣ ਟਰਾਲਾ' ਗੀਤ ਵਿਦੇਸ਼ਾ ਵਿਚ ਪੰਜਾਬੀ ਟਰੱਕ ਡਰਾਈਵਰ ਬੜੇ ਉਤਸ਼ਾਹ ਨਾਲ ਸੁਣਦੇ ਹਨ।ਪਿਛਲੇ ਦਿਨੀਂ ਪੰਜਾਬੀ ਮਾਂ ਬੋਲੀ ਬਾਰੇ ਇਹਨਾਂ ਦਾ ਲਿਖਿਆ ਗੀਤ ਪਾਲੀ ਦੇਤਵਾਲੀਏ ਨੇ ਵੀ ਗਾਇਆ ਹੈ ਜਿਸਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ ਹੈ।


ਅਮਰੀਕ ਸਿੰਘ ਤਲਵੰਡੀ ਸਵ ਲੋਕ ਗਾਇਕ ਕੁਲਦੀਪ ਮਾਣਕ ਨਾਲ

ਅਮਰੀਕ ਸਿੰਘ ਤਲਵੰਡੀ ਨੇ ਜੇ. ਬੀ. ਟੀ ਜਗਰਾਉਂ ਤੋਂ ਅਤੇ ਗਿਆਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕਰਕੇ ਸ਼੍ਰੀ ਦਸਮੇਸ਼ ਖਾਲਸਾ ਹਾਈ ਸਕੂਲ (ਟਾਹਲੀ ਸਾਹਿਬ) ਰਾਏਕੋਟ ਵਿਖੇ ਪੰਜਾਬੀ ਆਧਿਆਪਕ ਦੇ ਤੌਰ ਤੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਸਰਕਾਰੀ ਨੌਕਰੀ ਜ਼ੀਰੇ (ਫਿਰੋਜਪੁਰ) ਮਿਲੀ ਸੀ।

ਅਮਰੀਕ ਤਲਵੰਡੀ ਨੇ ਜ਼ੀਰੇ ਜਾ ਕੇ ਗੀਤਕਾਰੀ ਦੇ ਨਾਲ ਨਾਲ ਸਾਹਿਤ ਲਿਖਣਾ ਵੀ ਸ਼ੁਰੂ ਕਰ ਦਿੱਤਾ ਉਹਨਾਂ ਨੇ ਉੱਥੇ ਜਾ ਕੇ ਸਾਹਿਤ ਸਭਾ ਦਾ ਗਠਨ ਕੀਤਾ ਅਤੇ ਜ਼ੀਰੇ 16 ਸਾਲ ਸਾਹਿਤ ਸਭਾ ਦੇ ਪ੍ਰਧਾਨ ਰਹੇ। ਇਹਨਾਂ ਦੇ ਪ੍ਰਧਾਨ ਹੁੰਦਿਆਂ ਅਨੇਕਾਂ ਸਮਾਗਮ ਕਰਵਾਏ ਗਏ ਅਤੇ ਕਈ ਨਵੀਆਂ ਕਲਮਾਂ ਨੇ ਜਨਮ ਲਿਆ ਕਈ ਲਿਖਾਰੀ ਰਚਨਾਵਾਂ ਲਿਖੀ ਬੈਠੇ ਸਨ ਪਰ ਉਹਨਾਂ ਦੀ ਕੋਈ ਬਾਂਹ ਫੜਨ ਵਾਲਾ ਨਹੀ ਸੀ ਇਹਨਾਂ ਨੇ ਉਹਨਾਂ ਦੀਆਂ ਰਚਨਾਵਾਂ ਪਾਠਕਾਂ ਦੇ ਸਾਹਮਣੇ ਲਿਆਂਦੀਆਂ ਅਮਰੀਕ ਤਲਵੰਡੀ ਨੇ ਆਪ ਵੀ ਬਹੁਤ ਸਾਰੀਆਂ ਕਵਿਤਾਵਾਂ ਗੀਤ ਕਹਾਣੀਆਂ ਅਤੇ ਬਾਲਾਂ ਲਈ ਬਹੁਤ ਸਾਰਾ ਸਾਹਿਤ ਲਿਖਿਆ!

ਉਹਨਾਂ ਦੀ ਪਹਿਲੀ ਗੀਤਾਂ ਦੀ ਪੁਸਤਕ 'ਕੁਆਰੇ ਬੋਲ '(1975) ਵਿੱਚ ਪ੍ਰਕਾਸ਼ਤ ਹੋਈ।'ਵਿਰਸਾ ਆਪਣਾ ਲੈ ਸੰਭਾਲ' '(2002), 'ਸਮੇ ਦਾ ਸੱਚ'(2006), 'ਗਿਆਨ ਦੇ ਦੀਪ'(2011), ਆਦਿ ਉਹਨਾਂ ਦੀਆਂ 35 ਦੇ ਕਰੀਬ ਪੁਸਤਕਾਂ ਛਪ ਚੁੱਕੀਆਂ ਹਨ।

ਅਮਰੀਕ ਤਲਵੰਡੀ ਦਾ ਕਹਿਣਾ ਹੈ ਸਮਾਂ ਬਹੁਤ ਤੇਜੀ ਨਾਲ ਬਦਲ ਰਿਹਾ ਹੈ। ਪਾਠਕ ਲੰਬੀਆਂ ਰਚਨਾਵਾਂ ਨੂੰ ਪੜ੍ਹਨ ਲਈ ਤਰਜੀਹ ਘੱਟ ਦੇਣ ਲੱਗ ਪਏ ਹਨ ਇਸ ਕਰਕੇ ਮਿੰਨੀ ਕਹਾਣੀ ਯੁੱਗ ਜ਼ੋਰ ਫੜਦਾ ਜਾ ਰਿਹਾ ਹੈ ਇਹਨਾਂ ਨੇ ਇਕ ਮਿੰਨੀ ਕਹਾਣੀ ਚਮਚੇ ਲਿਖ ਕੇ ਅਜੀਤ ਅਖ਼ਬਾਰ ਨੂੰ ਭੇਜ ਦਿੱਤੀ ਉਹ ਛੇਤੀ ਹੀ ਅਖ਼ਬਾਰ ਵਾਲਿਆਂ ਛਾਪ ਦਿੱਤੀ।

ਉਹ ਕਹਾਣੀ ਲੋਕਾਂ ਨੇ ਇੰਨੀ ਪਸੰਦ ਕੀਤੀ ਉਸ ਕਹਾਣੀ ਨੇ ਅਮਰੀਕ ਤਲਵੰਡੀ ਨੂੰ ਕਹਾਣੀਕਾਰ ਬਣਾ ਦਿੱਤਾ। ਅਮਰੀਕ ਤਲਵੰਡੀ ਦੀਆਂ ਤਿੰਨ ਕਿਤਾਬਾਂ ਮਿੰਨੀ ਕਹਾਣੀਆਂ ਘੋੜੇ ਵਾਲਾ ਚੌਂਕ, ਖਰੀਆਂ ਖਰੀਆਂ, ਮਾਂ ਦਾ ਮਰਨਾ ਛੱਪ ਚੁੱਕੀਆਂ ਹਨ। 1988 ਵਿੱਚ ਅਮਰੀਕ ਸਿੰਘ ਤਲਵੰਡੀ ਨੂੰ ਪੰਜਾਬ ਸਰਕਾਰ ਨੇ ਸਟੇਟ ਐਵਾਰਡ ਦੇ ਕੇ ਸਨਮਾਨਿਤ ਕੀਤਾ।

1993 ਵਿੱਚ ਭਾਰਤ ਦੇ ਰਸ਼ਟਰਪਤੀ ਡਾ.ਸ਼ੰਕਰ ਦਿਆਲ ਸ਼ਰਮਾਂ ਵਲੋਂ ਰਾਸ਼ਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

2014 ਵਿੱਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ੍ਰੋਮਣੀ ਬਾਲ ਸਾਹਿਤਕਾਰ ਪੁਰਸਕਾਰ ਮਿਲਿਆ।



ਅਮਰੀਕ ਤਲਵੰਡੀ ਲਿਖਣ ਦੇ ਖੇਤਰ ਵਿੱਚ ਰਾਮ ਨਾਥ ਮੁਸਾਫ਼ਰ ਨੂੰ ਆਪਣਾ ਉਸਤਾਦ ਮੰਨਦਾ ਹੈ।

ਗੁਰੂ ਕਾਂਸ਼ੀ ਯੂਨੀਵਰਸਿਟੀ ਦਮ ਦਮਾ ਸਾਹਿਬ ਬਠਿੰਡਾ ਵਿਖੇ ਵਿਦਿਆਰਥੀ ਬਲਵਿੰਦਰ ਸਿੰਘ ਭਦੌੜ ਵਲੋਂ ਉਹਨਾਂ ਦੇ ਲਿਖੇ ਸਭਿਆਚਾਰਕ ਗੀਤਾਂ ' ਉੱਪਰ ਐਮ ਫ਼ਿਲ ਕੀਤੀ ਹੈ ਹੁਣ ਉਹ ਇਹਨਾਂ ਦੇ ਗੀਤਾਂ ਉੱਪਰ ਹੀ ਪੀ. ਐੱਚ .ਡੀ. ਕਰ ਰਿਹਾ ਹੈ ਇਹ ਵਿਦਿਆਰਥੀ ਅਤੇ ਅਮਰੀਕ ਤਲਵੰਡੀ ਦੀ ਵੀ ਬਹੁਤ ਵੱਡੀ ਪ੍ਰਾਪਤੀ ਹੈ ਕਿਉਂਕਿ ਉਸ ਦੇ ਸਾਫ਼ ਸੁਥਰੇ ਸਭਿਆਚਾਰਕ ਗੀਤਾਂ ਤੇ ਸਰਚ ਹੋਣੀ ਸ਼ੁਰੂ ਹੋ ਗਈ ਹੈ। ਅਮਰੀਕ ਸਿੰਘ ਤਲਵੰਡੀ ਵੱਲੋਂ ਸ਼ੁਰੂ ਕੀਤੀ ਸਕੂਟਰ ਕਵਰ ਮੁਹਿੰਮ ਵੀ ਬਹੁਤ ਚਰਚਾ ਵਿੱਚ ਰਹੀ ਹੈ।

ਅਮਰੀਕ ਤਲਵੰਡੀ ਸਮਾਜ ਸੇਵੀ ਕੰਮਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਦਿਨੋ ਦਿਨ ਪਰਦੂਸ਼ਿਤ ਹੋ ਰਹੇ ਪੌਣ ਪਾਣੀ ਅਤੇ ਵਾਤਾਵਰਣ ਤੋਂ ਹਰ ਵਕਤ ਚਿੰਤਤ ਰਹਿੰਦੇ ਹਨ। ਵੱਖ ਵੱਖ ਵਿਧੀਆਂ ਰਾਹੀ ਪ੍ਰਚਾਰ ਕਰਕੇ ਲੋਕਾਂ ਨੂੰ ਪੌਣ ਪਾਣੀ ਅਤੇ ਵਾਤਾਵਰਣ ਨੂੰ ਪਰਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕ ਕਰਦੇ ਰਹਿੰਦੇ ਹਨ।

ਥੋੜ੍ਹਾ ਸਮਾਂ ਪਹਿਲਾਂ ਹੀ ਇਹਨਾਂ ਦੀ 36 ਵੀ ਪੁਸਤਕ ਛਪੀ ਹੈ ਜਿਸ ਵਿੱਚ 250 ਦੇ ਕਰੀਬ ਚੋਣਵੇ ਸ਼ੇਅਰ ਹਨ।ਮੈਂ ਪ੍ਰਮਾਤਮਾ ਅੱਗੇ ਏਹੀ ਦੁਆ ਕਰਦਾ ਹਾਂ ਕਿ ਇੰਨਾਂ ਦੀ ਕਲਮ ਨੂੰ ਏਸੇ ਤਰ੍ਹਾਂ ਹੀ ਲੰਬਾ ਸਮਾਂ ਹੋਰ ਤਾਕਤ ਬਖਸ਼ਦਾ ਰਹੇ।

**ਸੁਖਵਿੰਦਰ ਸਿੰਘ ਗਿੱਲ**

# ਮਾਰਸ਼ਲ ਆਰਟ ਬਾਰੇ ਫ਼ਿਲਮ ਲੈ ਕੇ ਆ ਰਿਹਾ 'ਕਿਰਨਦੀਪ ਰਾਇਤ'

ਸਿੱਖ ਇਤਿਹਾਸ ਵਿਚ ਗੱਤਕਾ ਦੇ ਨਾਂ ਨਾਲ ਜਾਣੀ ਜਾਂਦੀ ਇਹ ਖੇਡ ਪਹਿਲਾਂ ਸਿਰਫ ਨਿਹੰਗ-ਸਿੰਘਾਂ ਵਲੋਂ ਸਿੱਖ ਸਮਾਗਮਾਂ ਦੀ ਹੀ ਸ਼ਾਨ ਸੀ ਜਦਕਿ ਹੁਣ ਇਹ ਨੈਸ਼ਨਲ ਖੇਡਾਂ ਵਿੱਚ ਸ਼ਾਮਲ ਹੋ ਕੇ ਮਾਰਸ਼ਲ ਆਰਟ ਵਜੋਂ ਜਾਣੀ ਜਾਂਦੀ ਹੈ। ਖਾਸ਼ ਗੱਲ ਕਿ ਨੌਜਵਾਨਾਂ ਦਾ ਇਸ ਪ੍ਰਤੀ ਰੁਝਾਨ ਵਧ ਰਿਹਾ ਹੈ ਜਿਸ ਨੂੰ ਸਿੱਖ ਕੇ ਉਹ ਇਸ ਕੌਮੀ ਖੇਡ ਦਾ ਹਿੱਸਾ ਬਣ ਰਹੇ ਹਨ। ਸਿੱਖ ਮਾਰਸ਼ਲ ਆਰਟ (ਗੱਤਕਾ)





ਬਾਰੇ ਫਿਲਮਾਂ ਬਣਨਾ ਅੱਜ ਦੇ ਸਮੇਂ ਦੀ ਅਹਿਮ ਲੋੜ ਹੈ ਜਿਸ ਦੀ ਪੂਰਤੀ ਕਰਦਿਆਂ ਨੌਜਵਾਨ ਕਿਰਨਦੀਪ ਰਾਇਤ 2024 ਦੀ ਪਹਿਲੀ ਪੰਜਾਬੀ ਫ਼ਿਲਮ 'ਜੱਟਾ ਡੋਲੀ ਨਾ' ਲੈ ਕੇ ਆ ਰਿਹਾ ਹੈ। ਜਿਸ ਵਿੱਚ ਉਹ ਇਸੇ ਸਿੱਖ ਮਾਰਸ਼ਲ ਆਰਟ ਗੱਤਕਾ ਦੀ ਪ੍ਰਤਿਨਿੱਧਤਾ ਕਰਦਾ ਹੋਇਆ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਸਿੱਖ ਧਰਮ ਦੇ ਇੱਕ ਅਹਿਮ ਅੰਗ ਨਾਲ ਰੂ ਬ ਰੂ ਕਰਵਾਏਗਾ।

ਦਿੱਲੀ ਦਾ ਜੰਮਪਲ ਕਿਰਨਦੀਪ ਸਿੰਘ ਰਾਇਤ ਬਚਪਨ ਤੋਂ ਹੀ ਆਪਣੇ ਆਪ ਨੂੰ ਸ਼ੀਸ਼ੇ ਅੱਗੇ ਖੜ੍ਹਿਆ ਇੱਕ ਸਟਾਰ ਵੇਖਦਾ ਸੀ। ਪਰੰਤੂ ਘਰ ਦੇ ਮਾਹੌਲ ਨੇ ਉਸਨੂੰ ਵਪਾਰ ਦੀ ਦੁਨੀਆ ਦੇ ਦਰਸ਼ਨ ਕਰਵਾਏ। ਇਸੇ ਦੌਰਾਨ ਉਹ ਟਿਕਟੋਕ ਤੇ ਵਿਡੀਉਜ਼ ਬਣਾਉਣ ਲੱਗਿਆ ਅਤੇ ਲੋਕਾਂ ਨੇ ਉਸਦੇ ਕੰਮ ਦੀ ਸਰਾਹਨਾਂ ਕੀਤੀ। ਪਰੰਤੂ ਸਰਕਾਰ ਵੱਲੋਂ ਟਿਕਟੋਕ ਬੈਨ ਤੋਂ ਬਾਅਦ ਉਸਦੀ ਖੋਖਲੀ ਹੋਈ ਰੂਹ ਨੂੰ ਅਦਾਕਾਰੀ ਨੇ ਚੈਨ ਦਿੱਤਾ।

2022 ਵਿੱਚ ਓ.ਟੀ.ਟੀ. ਚੌਪਾਲ ਤੇ ਬੀ.ਐਮ.ਪੀ ਫ਼ਿਲਮਜ਼ ਦੇ ਬੈਨਰ ਹੇਠ ਵਲ਼ੋਂ ਰਿਲੀਜ ਹੋਈ ਪੰਜਾਬੀ ਫ਼ਿਲਮ 'ਜਿੰਦਰਾ' ਵਿੱਚ ਉਸਨੇ ਲੀਡ ਰੋਲ ਨਿਭਾਇਆ। ਪਹਿਲੀ ਫ਼ਿਲਮ ਨਾਲ ਹੀ ਉਸਨੇ ਦਰਸ਼ਕਾਂ ਨੂੰ ਫ਼ਿਲਮ ਵਿਚ ਨਿਭਾਏ ਵੱਖ ਵੱਖ ਸਮਾਂ-ਕਾਲਾਂ ਦੇ ਰੋਲ ਨਾਲ ਪ੍ਰਭਾਵਿਤ ਕੀਤਾ। ਇਹ ਮਾਪਿਆਂ ਅਤੇ ਬੱਚਿਆਂ ਦੇ ਰਿਸ਼ਤੇ ਨੂੰ ਲੈ ਕੇ ਬਣਾਈ ਗਈ ਇੱਕ ਸ਼ੋਸ਼ਲ ਮੈਸ਼ਜ ਵਾਲੀ ਫ਼ਿਲਮ ਸੀ। ਇਸ ਤੋਂ ਬਾਅਦ ਕਿਰਨਦੀਪ ਨੇਂ ਇੱਕ ਹੋਰ ਬੀ.ਐਮ.ਪੀ ਫ਼ਿਲਮਜ਼ ਦੇ ਬੈਨਰ ਹੇਠ ਵਲ਼ੋਂ ਹੋਈ ਪੰਜਾਬੀ ਫ਼ਿਲਮ 'ਸੌ ਮਿੱਟੀ ਦੀ' ਵਿੱਚ ਬਤੌਰ ਹੀਰੋ ਨਜ਼ਰ ਆਇਆ। ਇਹ ਫ਼ਿਲਮ ਵੀ ਚੌਪਾਲ ਓ.ਟੀ.ਟੀ. ਤੇ ਰਿਲੀਜ਼ ਹੋਈ।

2024 ਦੀ 5 ਜਨਵਰੀ ਨੂੰ ਰਿਲੀਜ਼ ਹੋਣ ਜਾ ਰਹੀ ਫ਼ਿਲਮ 'ਜੱਟਾ ਡੋਲੀਂ ਨਾ' ਨਾਲ ਉਹ ਘਰ ਦੀ ਟੀ.ਵੀ. ਸਕਰੀਨ ਤੋਂ ਹੁਣ ਸਿਨੇਮਾ ਪਰਦੇ ਤੇ ਨਜ਼ਰ ਆਵੇਗਾ। ਬੀ.ਐਮ.ਪੀ ਫ਼ਿਲਮਜ਼ ਐਂਡ ਪਾਵਰਪੈਕ ਪ੍ਰੋਡਕਸ਼ਨ ਦੇ ਬੈਨਰ ਹੇਠ ਆ ਰਹੀ ਇਸ ਫ਼ਿਲਮ ਨੂੰ ਭੁਪਿੰਦਰ ਸਿੰਘ ਬਮਰਾ ਨੇ ਨਿਰਦੇਸ਼ਿਤ ਅਤੇ ਨਰਿੰਦਰ ਸਿੰਘ ਨੇ ਨਿਰਮਾਣ ਕੀਤਾ ਹੈ। ਫ਼ਿਲਮ ਦੀ ਸਟਾਰ ਕਾਸਟ ਵਿੱਚ ਮੈਨ ਲੀਡ ਕਿਰਨਦੀਪ ਰਾਇਤ ਤੋਂ ਇਲਾਵਾ ਪ੍ਰੱਭ ਗਰੇਵਾਲ, ਸਵਿੰਦਰ ਮਾਹਲ, ਜਰਨੈਲ ਸਿੰਘ, ਪਰਮਿੰਦਰ ਗਿੱਲ, ਸੰਤੋਸ਼ ਮਲਹੋਤਰਾ, ਗੁਰਪ੍ਰੀਤ ਬੀ.ਐਮ.ਪੀ., ਸਨੀ ਗਿੱਲ, ਨਰਿੰਦਰ ਨੀਨਾ, ਗੁਰਿੰਦਰ



ਸਰਾਂ, ਸਿਮਰਜੀਤ ਸਿੰਘ, ਸੁੱਗਲੀ-ਜੁਗਲੀ ਸ਼ਾਮਲ ਹਨ। ਸੋਨੂੰ ਸੱਗੂ ਵੱਲੋਂ ਲਿਖੀ ਇਸ ਫ਼ਿਲਮ ਦੀ ਕਹਾਣੀ ਗੱਤਕਾ ਦੀ ਪੇਸ਼ਕਾਰੀ ਤਾਂ ਕਰੇਗੀ ਹੀ, ਪਰੰਤੂ ਇਹ ਫ਼ਿਲਮ ਤੁਹਾਨੂੰ ਹਿੰਮਤ, ਜੋਸ਼ ਅਤੇ ਪਰਿਵਾਰ ਵੱਲੋਂ ਦਿੱਤੇ ਹੌਂਸਲੇ ਦੀ ਅਹਿਮੀਅਤ ਵੀ ਮਹਿਸੂਸ ਕਰਵਾਏਗੀ।ਫਿਲਮ ਦੇ ਨਾਇਕ ਕਿਰਨਦੀਪ ਨੇ ਦੱਸਿਆ ਕਿ ਇਸ ਫਿਲਮ ਲਈ ਉਸਨੇ ਕਾਫੀ ਮਿਹਨਤ ਕੀਤੀ ਹੈ। ਸਿੱਖ ਪਰਿਵਾਰ ਨਾਲ ਸਬੰਧਿਤ ਹੋਣ ਕਰਕੇ ਗਤਕਾ ਯਾਨੀ ਮਾਰਸ਼ਲ ਆਰਟ ਦੀ ਉਸਨੂੰ ਜਾਣਕਾਰੀ ਸੀ ਪਰ ਉਸਨੇ ਫਿਲਮ ਲਈ ਬਕਾਇਦਾ ਇਸ ਦੀ ਟਰੇਨਿੰਗ ਲਈ ਹੈ। ਉਸਦੀ ਖੁਸ਼ਕਿਸਮਤੀ ਹੈ ਕਿ ਉਸਨੂੰ ਇਸ ਕਿਸਮ ਦੀ ਸ਼ਾਨਦਾਰ ਫਿਲਮ ਦਾ ਹਿੱਸਾ ਬਣਨ ਦਾ ਮਾਣ ਹਾਸਲ ਹੋਇਆ ਹੈ। ਇਹ ਫ਼ਿਲਮ ਜ਼ਿੰਦਗੀ ਦੀ ਲੀਹ ਤੋਂ ਭਟਕੇ ਇਕ ਨੌਜਵਾਨ ਦੀ ਮੁੜ ਤੋਂ ਲੀਹ 'ਤੇ ਆਉਣ ਦੀ ਕਹਾਣੀ ਹੈ, ਜੋ ਦਰਸ਼ਕਾਂ ਨੂੰ ਪ੍ਰਭਾਵਿਤ ਵੀ ਕਰਦੀ ਹੈ ਅਤੇ ਉਤਸ਼ਾਹਿਤ ਵੀ। ਇਹ ਮਨੋਰੰਜਨ ਭਰਪੂਰ ਡਰਾਮਾ ਫ਼ਿਲਮ ਹੈ ਜੋ ਹਰ ਵਰਗ ਦੇ ਦਰਸ਼ਕਾਂ ਨੂੰ ਧਿਆਨ ਵਿੱਚ ਰੱਖਕੇ ਦਿਖਾਈ ਗਈ ਹੈ। ਆਸ਼ਾ-ਨਿਰਾਸ਼ਾ ਤੇ ਭਾਵੁਕਤਾ ਭਰੀ ਇਹ ਫਿਲਮ ਪਿਆਰ-ਮੁਹੱਬਤਾਂ ਦਾ ਵੀ ਖੂਬਸੂਰਤ ਅਹਿਸਾਸ ਹੈ ਉਹ ਖੁਸ਼ਕਿਸਮਤ ਹੈ ਕਿ ਉਹ ਇਕ ਚੰਗੇ ਤੇ ਸਾਰਥਿਕ ਮੁੱਦੇ ਵਾਲੀ ਫਿਲਮ ਤੋਂ ਆਪਣੇ ਫ਼ਿਲਮੀ ਸਫ਼ਰ ਦੀ ਨਵੀਂ ਸ਼ੁਰੂਆਤ ਕਰਨ ਜਾ ਰਿਹਾ ਹੈ। ਇਹ ਫਿਲਮ ਪੰਜਾਬੀ ਦਰਸ਼ਕਾਂ ਅੰਦਰ ਸਿੱਖਾਂ ਅਤੇ ਨੈਸ਼ਨਲ ਗੇਮ ਬਣ ਚੁੱਕੇ ਮਾਰਸ਼ਲ ਆਰਟ ਪ੍ਰਤੀ ਨਵਾਂ ਜੋਸ਼ ਭਰੇਗੀ।


ਸੁਰਜੀਤ ਜੱਸਲ
9814607737

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ!
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

# ਪੰਜਾਬੀ ਸਿਨੇਮਾ 2023 ਦਾ ਲੇਖਾ-ਜੋਖਾ ਕੀ ਖੱਟਿਆ ਕੀ ਪਾਇਆ ਪੰਜਾਬੀ ਸਿਨੇਮੇ ਨੇ



ਕਾਲਾ ਸਿੰਘ ਸੈਣੀ,
(99882-80386)

ਪਿੱਛਲੇ ਕੁਝ ਸਾਲਾਂ ਵਿੱਚ ਦੇਸ਼-ਵਿਦੇਸ਼ ਦੇ ਪੰਜਾਬੀ ਦਰਸ਼ਕਾਂ ਨੇ ਪੰਜਾਬੀ ਸਿਨੇਮੇ ਨੂੰ ਪਹਿਲਾ ਨਾਲੋਂ ਕਿਤੇ ਵੱਡਾ ਹੁੰਗਾਰਾ ਦਿੱਤਾ ਹੈ। ਸਿੱਟੇ ਵੱਜੋਂ ਨਿਰਮਾਤਾਵਾਂ, ਨਿਰਦੇਸ਼ਕਾਂ, ਲੇਖਕਾਂ, ਕਲਾਕਾਰਾਂ, ਗੀਤਕਾਰਾਂ, ਸੰਗੀਤਕਾਰਾਂ ਦਾ ਪੰਜਾਬੀ ਸਿਨੇਮਾ 'ਤੇ ਕਾਫੀ ਭਰੋਸਾ ਵਧਿਆ ਹੈ। ਪਿੱਛਲੇ ਤਿੰਨ-ਚਾਰ ਸਾਲਾਂ ਤੋਂ ਪੰਜਾਬੀ ਫਿਲਮਾਂ ਦੀ ਗਿਣਤੀ 'ਚ ਵੀ ਲਗਾਤਾਰ ਵਾਧਾ ਹੋਇਆ ਹੈ। ਇਸ ਵਾਧੇ ਦੇ ਨਾਲ-ਨਾਲ ਅਸਫ਼ਲ ਫਿਲਮਾਂ ਦੀ ਗਿਣਤੀ ਵੀ ਵਧੀ ਹੈ। ਜਿਸ ਦਾ ਪ੍ਰਭਾਵ ਸਾਡੇ ਪੰਜਾਬੀ ਸਿਨੇਮਾ ਤੇ ਪਿਆ। ਪੰਜਾਬੀ ਸਿਨੇਮਾ ਸਿਰਫ਼ ਤੇ ਸਿਰਫ਼ ਮਨੋਰੰਜ਼ਨ ਦਾ ਹੀ ਸਾਧਨ ਨਹੀਂ ਹੈ। ਇਸ ਕੋਲ ਯੁੱਗ ਬਦਲਣ ਦੀ ਅਧਾਹ ਸ਼ਕਤੀ ਹੈ। ਮਨੋਰੰਜ਼ਨ ਦੇ ਨਾਲ-ਨਾਲ ਸਮਾਜਿਕ ਮੁੱਦਿਆ ਦੀ ਗੱਲ ਕਰਨਾ ਸਿਨੇਮਾ ਦਾ ਮੁੱਢਲਾ ਫ਼ਰਜ ਹੈ। ਆਓ ਜਾਣਦੇ ਹਾਂ, ਪੰਜਾਬੀ ਸਿਨੇਮਾ 2022 ਵਿੱਚ ਰਿਲੀਜ਼ ਹੋਇਆ ਪੰਜਾਬੀ ਫਿਲਮਾਂ ਦੇ ਲੇਖੇ-ਜੋਖੇ ਵਿਸ਼ਿਆਂ, ਕਹਾਣੀਆਂ, ਸੰਗੀਤ ਪੱਖੋਂ ਕੀ ਖੱਟਿਆਂ ਕੀ ਪਾਇਆ ਪੰਜਾਬੀ ਸਿਨੇਮੇ ਨੇ।

ਜਨਵਰੀ ਦੇ ਦੂਸਰੇ ਹਫ਼ਤੇ 'ਚ ਪੰਜਾਬੀ ਫਿਲਮ 'ਕੰਜੂਸ ਮਜਨੂੰ ਖਰਚੀਲੀ ਲੈਲਾ' ਨਾਲ ਫਿਲਮਾਂ ਰਿਲੀਜ਼ ਹੋਣ ਦਾ ਆਗਾਜ਼ ਹੋਈਆ। ਘਟੀਆ ਕਾਮੇਡੀ, ਘਟੀਆ ਸਕ੍ਰਿਪਟ ਘਟੀਆ ਡਾਇਰੈਕਸਨ ਵਾਲੀ ਇਸ ਫਿਲਮ ਨੂੰ ਦੇਖਦੇ ਇੰਝ ਲੱਗਿਆ ਜਿਵੇਂ ਥੱਕੇ ਹਾਰੇ ਪੰਜਾਬੀ ਸਿਨੇਮੇ ਨੇ ਆਗਾਜ਼ ਕੀਤਾ ਹੋਵੇ। ਫਿਰ ਚੱਲ ਸੋ ਚੱਲ ਫਿਲਮਾਂ ਦਾ ਰਿਲੀਜ਼ ਹੋਣਾ ਜਾਰੀ ਰਿਹਾ। 'ਰੇਜ਼ ਰੋਡ 290' ਪੰਜਾਬੀ ਭਾਸ਼ਾ ਇਹ ਅਸ਼ਲੀਲ ਸੰਵਾਦ ਵਾਲੀ ਫਿਲਮ ਰਿਲੀਜ਼ ਹੋਈ। ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਤੇ ਨੀਰੂ ਬਾਜਵਾ ਦੀ ਫਿਲਮ 'ਕਲੀ ਜੋਟਾਂ' ਨਿਵੇਕਲੀ ਵਿਸ਼ੇ ਦੀ ਫਿਲਮ ਮਨੋਰੰਜ਼ਨ ਦੇ ਨਾਲ-ਨਾਲ ਔਰਤ ਦੇ ਹੱਕਾਂ ਦੀ ਵੀ ਗੱਲ ਕਰਦੀ ਹੋਈ ਦਰਸ਼ਕਾਂ ਦਾ ਦਿਲ ਜਿੱਤਣ 'ਚ ਕਾਮਯਾਬ ਰਹੀ। ਸਿਲਵਰ ਸਕਰੀਨ ਤੇ ਸਤਿੰਦਰ ਸਰਤਾਜ ਦੀ ਆਵਾਜ਼ ਦਾ ਜਾਦੂਮਈ ਗੀਤ, ਸੰਗੀਤ ਲੋਕ ਮਨ੍ਹਾਂ ਨੂੰ ਛੂਹ ਗਏ। ਫਿਲਮ 'ਤੂੰ ਹੋਵੇਂ ਮੈਂ ਹੋਵਾਂ', ਫਿਲਮ ਖੇਤਰ 'ਚ ਨਵੇਂ ਨਿਰਦੇਸ਼ਕ ਵਕੀਲ ਸਿੰਘ ਦੀ ਇਹ ਫਿਲਮ ਕਹਾਣੀ ਪੱਖੋਂ ਲੋਕ ਮਨਾਂ ਨੂੰ ਕਾਫੀ ਪਸੰਦ ਆਈ। ਨਿਰਦੇਸ਼ਕ ਸਮੀਪ ਕੰਗ ਦੀ ਫਿਲਮ 'ਗੋਲ ਗੱਪੇ' ਵੀ ਦਰਸ਼ਕਾਂ ਦਾ ਸੁਆਦ ਬੇਸੁਆਦ ਕਰ ਗਈ। ਪੰਜਾਬੀ ਸਿਨੇਮਾ ਜੰਕਫੂਡ ਵਾਲੇ ਵਿਸ਼ਿਆਂ ਨੂੰ ਛੂਹਦਾ ਹੋਈਆ 'ਗੋਲ ਗੱਪਿਆਂ' ਵਾਲੀ ਰੇਹੜੀ ਤੇ ਆਣ ਖੜ੍ਹਾ ਹੋਇਆ। ਬਿਨੂੰ ਢਿੱਲੋਂ ਅਤੇ ਰਜਤ ਬੇਦੀ ਦੀ ਬੀ.ਐਨ ਸ਼ਰਮਾ ਦੀ ਕਾਮੇਡੀ ਵੀ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਨਾ ਸਕੀ। ਕਾਮੇਡੀ ਨਾਲ ਭਰਪੂਰ ਫਿਲਮ 'ਜੀ ਵਾਇਫ਼ ਜੀ' ਰਿਲੀਜ਼ ਹੋਈ। ਜਿਸ ਵਿੱਚ ਪੰਜਾਬੀ ਫਿਲਮ ਇੰਡਸਟਰੀ ਦੇ ਵੱਡੇ ਚਿਹਰੇ ਵੀ ਕਾਮੇਡੀ ਕਲਾਕਾਰਾਂ ਵੱਜੋਂ ਪਰਦੇ ਤੇ ਪੇਸ਼ਕਾਰੀ ਦਿੱਤੀ। ਫਿਲਮ ਨੂੰ ਪੰਜਾਬ ਸਰਕਾਰ ਦੇ ਕੁਝ ਨੁਮਾਇੰਦਿਆਂ ਨੇ ਦੇਖ ਕੇ ਦਰਸ਼ਕਾਂ ਦੀ ਘਾਟ ਪੂਰੀ ਕਰਨੀਂ ਚਾਹੀ ? ਫਿਲਮ 'ਮਿੱਤਰਾਂ ਦਾ ਨਾ ਚੱਲਦਾ' ਦੇਸ਼ 'ਚ ਔਰਤਾਂ ਦੀ ਮੌਜੂਦਾ ਸਥਿਤੀ 'ਤੇ ਆਧਾਰਿਤ ਕਹਾਣੀ ਵਿਸ਼ੇ ਪੱਖੋ ਮਜਬੂਤ ਰਹੀ ਪਰ ਮਿੱਤਰਾਂ ਦਾ ਨਾ ਜ਼ਿਆਦਾ ਨਾ ਚੱਲ ਸਕਿਆ। ਗੁਰਨਾਮ ਭੁੱਲਰ ਅਤੇ ਸਰਗੁਨ ਮਹਿਤਾ ਦੀ ਜੋੜੀ ਵਾਲੀ ਫਿਲਮ 'ਨਿਗਾਹ ਮਾਰਦਾ ਆਈਂ ਵੇ' ਹਰ ਪੱਖੋਂ ਚੰਗੀ ਰਹੀ ਪਰ ਕਹਾਣੀ ਪੱਖੋਂ ਦਰਸ਼ਕਾਂ ਨੂੰ ਪਹਿਲੇ ਦਿਨ ਹੀ ਪੁੱਛਦੀ ਰਹੀ ਕਿ ਦਰਸ਼ਕ ਕਿੱਥੇ ਗਏ। ਉੱਘੀ ਅਦਾਕਾਰਾ ਤੇ ਡਾਇਰੈਕਟਰ ਉਪਾਸਨਾ ਸਿੰਘ ਦੀ ਕਾਮੇਡੀ ਨਾਲ ਭਰਪੂਰ ਫਿਲਮ 'ਯਾਰਾਂ ਦੀ ਪੌ ਬਾਰਾਂ' ਨਾਲ ਸਿਲਵਰ ਸਕਰੀਨ ਤੇ ਹੀਰੋ ਚੁਲਬੁਲੇ ਜਿਹੇ ਚਿਹਰੇ ਨਾਨਕ ਦੀ ਅਦਾਕਾਰੀ ਦਰਸ਼ਕਾਂ ਨੂੰ ਬੇਹੱਦ ਪਸੰਦ ਆਈ। ਫਿਲਮ ਦੀ ਹੀਰੋਇਨ ਹਰਨਾਜ਼ ਕੌਰ ਸੰਧੂ ਦੀ ਅਦਾਕਾਰੀ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਨਾ ਸਕੀ। 'ਚੱਲ ਜਿੰਦੀਏ' ਫਿਲਮ ਸਮਾਜ ਦੇ ਕਈ ਵਿਸ਼ਿਆਂ ਨੂੰ ਛੂਹਦੀ ਫਿਲਮ ਗਾਇਕ ਤੇ ਅਦਾਕਾਰ ਅਮਰਿੰਦਰ ਗਿੱਲ ਦੇ ਮਕਬੂਲ ਗੀਤ 'ਏਸ ਜਹਾਨੋ ਦੂਰ ਕਿਤੇ ਚੱਲ ਜਿੰਦੀਏ' ਵਿਸ਼ਾ ਫਿਲਮ ਦੀ ਕਹਾਣੀ ਬਣਿਆ। ਫਿਲਮ 'ਉਡੀਕਾ ਤੇਰੀਆਂ' ਦਰਸ਼ਕਾਂ ਦੀ ਉਡੀਕ ਕਰਦੀ ਕਰਦੀ ਰਹਿ ਗਈ। 'ਯਾਰਾਂ ਦਾ ਰੁਤਬਾ' ਪੰਜਾਬੀ ਸਿਨਮੇ ਦੇ ਸੰਨੀ ਦਿਓਲ ਦੇਵ ਖਰੌੜ ਦੀ ਫਿਲਮ ਕਹਾਣੀ ਪੱਖੋਂ ਸਿਨੇ ਦਰਸ਼ਕਾਂ ਨੂੰ ਖੁਸ਼ ਕਰਨ 'ਚ ਕਾਮਯਾਬ ਨਾ ਹੋ ਸਕੀ। 'ਅੰਨ੍ਹੀ ਦਿਆ ਮਜ਼ਾਕ ਐ' ਐਮੀ ਵਿਰਕ ਤੇ ਪਿਆਰ ਤੇ ਰੁਮਾਂਸ ਨਾਲ ਭਰਪੂਰ ਫਿਲਮ 'ਚ ਅੰਨੇ ਵਿਅਕਤੀ ਤੇ ਵੀ ਕਾਮੇਡੀ ਭਾਰੂ ਰਹੀ। 'ਮਾਈਨਿੰਗ-ਰੇਤੇ ਤੇ ਕਬਜ਼ਾ' ਸਬਜੈਕਟ ਵਾਲਾ ਵਿਸ਼ਾ ਵੀ ਪੰਜਾਬੀ ਸਿਨੇਮੇ ਦੀਆਂ ਫਿਲਮਾਂ ਦੀ ਗਿਣਤੀ 'ਚ ਵਾਧਾ ਕਰ ਗਿਆ। ਫਿਲਮ 'ਜੋੜੀ' ਪੰਜਾਬੀ ਸਿਨੇਮਾ ਲਈ ਠੰਡੀ ਹਵਾ ਦੇ ਬੁੱਲੇ ਵਾਂਗ ਸਾਬਿਤ ਹੋਈ। ਅਮਰ ਸਿੰਘ ਚਮਕੀਲਾ ਤੇ ਅਮਰਜੋਤ ਦੇ ਜੀਵਨ ਦੇ ਅਧਾਰਿਤ ਫਿਲਮ ਦੀ ਕਹਾਣੀ ਦਰਸ਼ਕਾਂ ਨੂੰ ਪਸੰਦ ਆਈ। ਇਸ ਫਿਲਮ ਦੇ ਨਾਲ ਫਿਲਮ 'ਪੇਂਟਰ' ਵੀ ਰਿਲੀਜ਼ ਹੋਈ। ਇਨ੍ਹਾਂ ਫਿਲਮਾਂ ਦੀ ਰਿਲੀਜ ਦੌਰਾਨ ਪੰਜਾਬੀ ਸਿਨੇਮੇ ਦੀ ਸਭ ਤੋਂ ਵੱਡੀ ਐਕਸ਼ਨ ਭਰਪੂਰ ਫਿਲਮ 'ਨਿਡਰ' ਪੰਜਾਬੀ ਸਿਨੇਮੇ ਦੇ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ 'ਚ ਕਾਫ਼ੀ ਹੱਦ ਤੱਕ ਕਾਮਯਾਬ ਰਹੀ। ਕਾਮੇਡੀ ਡਰਾਮਾ ਫਿਲਮ 'ਸਿੱਧੂਸ ਆਫ ਸਾਊਥ ਹਾਲ' ਪੰਜਾਬੀ ਸਿਨੇਮੇ ਦੇ ਮਕਬੂਲ ਕਲਾਕਾਰਾਂ ਦੀ ਅਦਾਕਾਰੀ ਵਾਲੀ ਫਿਲਮ ਸਿਨੇਮੇ ਨੂੰ ਹੋਰ ਹੀ ਪਾਸੇ ਲੈ ਗਈ। ਦਰਸ਼ਕਾਂ 'ਚ ਚਰਚਾ ਰਹੀ ਕਿ ਪੰਜਾਬੀ ਫਿਲਮ ਇੰਡਸਟਰੀ ਕੋਲ ਇਹ ਇੱਕ ਵਿਸ਼ਾ ਬਚਿਆ ਸੀ ਸੋ ਉਸ ਤੋਂ ਵੀ ਕੰਮ ਲੈ ਲਿਆ ਗਿਆ।







ਸਰਦਾਰ ਸੋਹੀ ਦੀ ਮੁੱਖ ਭੂਮਿਕਾ ਵਾਲੀ ਨਸ਼ਿਆ ਦੇ ਵਿਰੋਧ ਦੀ ਕਹਾਣੀ ਵਾਲੀ ਫਿਲਮ 'ਗਿੱਲ ਸਾਬ ਸਕੂਟਰ ਵਾਲੇ' ਦੀ ਰਿਲੀਜ਼ ਤਰੀਕ ਅੱਗੇ ਪਾ ਦਿੱਤੀ ਗਈ। ਪੰਜਾਬੀ ਸਿਨੇਮੇ ਦੀ ਹਿੱਟ ਫਿਲਮ 'ਨਾਨਕ ਨਾਮ ਜਹਾਜ਼ ਹੈ' ਤੋਂ ਕਾਫੀ ਲੰਮੇਂ ਸਮੇਂ ਬਾਅਦ ਫਿਲਮ 'ਮੇਰਾ ਬਾਬਾ ਨਾਨਕ' ਦਰਸ਼ਕਾ ਨੂੰ ਇੱਕ ਪਰਿਵਾਰਕ ਫਿਲਮ ਦੇਖਣ ਨੂੰ ਮਿਲੀ। ਜੋ ਕਿ ਲੋਕਾਂ ਬੇਹੱਦ ਪਸੰਦ ਆਈ। 'ਗੋਡੇ ਗੋਡੇ ਚਾਅ' ਸੁਰਜੀਤ ਬਿੰਦਰਖੀਆ ਦੇ ਬੇਟਾ ਗਿਤਾਜ ਬਿੰਦਰਖੀਆ ਦੀ ਇਹ ਦੂਸਰੀ ਫਿਲਮ ਰਹੀ। ਵਿਆਹ ਵਾਲੇ ਵਿਸ਼ੇ ਨੂੰ ਲੈ ਕੇ ਬਣੀ ਫਿਲਮ ਦੀ ਕਹਾਣੀ ਵਿੱਚ ਦੇਖਣ ਨੂੰ ਮਿਲਿਆ ਕਿ ਜਿਸ ਪਿੰਡ ਦੇ ਵਿੱਚ ਔਰਤਾਂ ਬਾਰਾਤ ਨਹੀਂ ਚੜ੍ਹਿਆ ਉਸ ਪਿੰਡ 'ਚ ਫਿਲਮ ਦੀ ਹੀਰੋਇਨ ਜਿਸ ਨੇ ਵਿਆਹ 'ਚ ਮਿੱਠਾ ਨਹੀਂ ਖਾ ਕੇ ਦੇਖਿਆ ਤੇ ਮਹਿੰਗੇ ਸੂਟ ਦੇ ਪਹਿਰਾਵੇ 'ਚ ਲਵ ਲੇਟਰਾਂ ਦੀ ਗੱਲ ਕਰਦੀ ਦਿਖਾਈ ਗਈ ਜੋ ਕਿ ਦਰਸ਼ਕਾਂ ਨੂੰ ਹਜ਼ਮ ਹੋਈ। ਪੰਜਾਬੀ ਫਿਲਮ 'ਮੈਡਲ' ਐਕਸ਼ਨ ਭਰਪੂਰ ਫਲਾਪ ਫਿਲਮਾਂ ਦੀ ਗਿਣਤੀ ਵਧਾਉਣ ਵਾਲੀ ਸਾਬਿਤ ਹੋਈ। ਇਸ ਹੀ ਦਿਨ ਰਣਜੀਤ ਬਾਵਾ ਦੀ ਫਿਲਮ 'ਲੈਂਬਰ ਗਿੰਨੀ' ਕਹਾਣੀ ਪੱਖੋਂ ਘੱਟ ਸਗੋਂ ਸਬਸਿਡੀ ਲੈਣ 'ਚ ਕਾਮਯਾਬ ਰਹੀ। ਇੱਕੋ ਹਫ਼ਤੇ ਦੋ-ਤਿੰਨ ਫਿਲਮਾਂ ਦਾ ਰਿਲੀਜ਼ ਹੋਣਾ ਪੰਜਾਬੀ ਸਿਨੇਮੇ ਲਈ ਕੋਈ ਨਵੀਂ ਗੱਲ ਨਹੀਂ ਹੈ, ਲੋਕ ਨਾਇਕ ਜਿਊਣਾ ਮੌੜ ਦੀ ਜ਼ਿੰਦਗੀ ਦੇ ਆਧਾਰਿਤ ਦੋ ਪੰਜਾਬੀ ਫਿਲਮਾਂ ਦਾ ਰਿਲੀਜ਼ ਹੋਣਾ ਦਰਸ਼ਕਾਂ ਨੂੰ ਸੋਚਾ 'ਚ ਪਾ ਗਿਆ। ਦਰਸ਼ਕਾਂ ਨੂੰ ਚੰਗਾ ਸਿਨੇਮੇ ਦੀ ਥਾਂ ਆਪਣੇ ਸਿੰਙ ਫਸਾਉਣ ਵਾਲੀ ਗੱਲ ਸਮਝ ਨਹੀਂ ਆਈ। 'ਕੈਰੀ ਔਨ ਜੱਟਾ 3' ਫਿਲਮ ਭੱਦੀ ਸ਼ਬਦਾਬਲੀ ਅਤੇ ਲੱਚਰਪੁਣੇ ਨਾਲ ਭਰੀ ਫਿਲਮ ਬਾਕਿਸ ਆਫਸ ਤੇ ਤਹਿਲਕਾ ਮਚਾਉਣ 'ਚ ਸਾਬਿਤ ਹੋਈ। ਪਰਿਵਾਰਕ ਮੈਂਬਰਾਂ ਨਾਲ ਫਿਲਮ ਦੇਖਣ ਵਾਲੇ ਲੋਕਾਂ ਦੇ ਫੇਸਬੁੱਕ ਤੇ ਕੁਮੈਂਟ ਲਾਹਨਤਾਂ ਪਾਉਂਦੇ ਨਜ਼ਰ ਆਏ। ਪੈਸੇ ਦੇ ਨਾਲ-ਨਾਲ ਲਾਹਨਤਾਂ ਦੀ ਵੀ ਕਮਾਈ ਕਰ ਗਈ 'ਕੈਰੀ ਔਨ ਜੱਟਾ 3'। 'ਕਦੇ ਦਾਦੇ ਦੀਆਂ ਕਦੇ ਪੋਤੇ ਦੀਆਂ' ਵਿਸ਼ੇ ਵਾਲੀ ਫਿਲਮ ਕਹਾਣੀ ਪੱਖੋਂ ਦਰਸ਼ਕਾਂ ਨੂੰ ਆਪਣੇ ਨਾਲ ਜੋੜਨ 'ਚ ਅਸਫ਼ਲ ਰਹੀ। ਫਿਲਮ 'ਚ ਫਿਲਮ ਦੇ ਕਲਾਕਾਰ ਥੱਕੇ-ਥੱਕੇ ਨਜ਼ਰ ਆਏ। 'ਵਜੂਦ' ਪ੍ਰਤੀ ਵੀ ਦਰਸ਼ਕਾਂ ਨੇ ਬਹੁਤੀ ਦਿਲਸਚਪੀ ਨਹੀਂ ਦਿਖਾਈ। ਢੁਕਵੀਂ ਪੇਸ਼ਕਾਰੀ ਅਤੇ ਵਧੀਆਂ ਕਹਾਣੀ ਨਾਲ ਬਣੀ ਫਿਲਮ 'ਤੁਫ਼ੰਗ' ਇੱਕ ਵੇਖਣਯੋਗ ਫਿਲਮ ਸਾਬਿਤ ਹੋਈ। ਫਿਲਮ 'ਸ਼ਾਤਰ' ਐਕਸ਼ਨ ਫਿਲਮਾਂ ਦੀ ਗਿਣਤੀ 'ਚ ਵਾਧਾ ਕਰਦੀ ਫਿਲਮ ਵੀ ਫਿਲਮਾਂ ਦੀ ਗਿਣਤੀ ਦਾ ਹਿੱਸਾ ਬਣੀ। ਪਰਿਵਾਰਕ ਰਿਸ਼ਤੀਆਂ ਦੀ ਗੱਲ ਕਰਦੀ ਫਿਲਮ 'ਬੱਲੇ ਓ ਚਲਾਕ ਸੱਜਣਾਂ' ਕਹਾਣੀ ਪੱਖੋਂ ਦਿਲਾਂ ਨੂੰ ਛੂਹ ਗਈ। ਫਿਲਮ 'ਚ ਸਾਫ-ਸੁਥਰੀ ਕਮੇਡੀ ਦੇਖਣ ਨੂੰ ਮਿਲੀ। 'ਮੁੰਡਾ ਸਾਊਥਾਲ ਦਾ' ਪਰਿਵਾਰਕ ਕਦਰਾਂ ਕੀਮਤਾਂ ਦੀ ਗੱਲ ਕਰਦੀ ਫਿਲਮ ਵਧਿਆ ਸਾਬਿਤ ਹੋਈ। ਉੱਘੇ ਗੀਤਕਾਰ ਬਚਨ ਬੇਦਿਲ ਦੇ ਲਾਡਲੇ ਅਰਮਾਨ ਬੇਦਿਲ ਅਤੇ ਤਨੂੰ ਗਰੇਵਾਲ ਦੀ ਜੋੜੀ ਵਾਲੀ ਫਿਲਮ ਨਾਲ ਅਰਮਾਨ ਬੇਦਿਲ ਆਪਣੀ ਐਕਟਿੰਗ ਦਾ ਪਹਿਲਾ ਮੈਚ ਜਿੱਤਣ 'ਚ ਬਾਜੀ ਮਾਰ ਗਿਆ। ਫਿਲਮ 'ਜੂਨੀਅਰ' ਪੰਜਾਬੀ ਸਿਨਮਾ ਲਈ ਇੱਕ ਨਵਾ ਤਜਰਬਾ, ਐਕਸ਼ਨ ਤੇ ਡਰਾਮਾ ਫਿਲਮ ਰਹੀ। ਬਤੌਰ ਨਿਰਮਾਤਾ ਦਰਜ਼ਨਾਂ ਫਿਲਮਾਂ ਦੇ ਚੁੱਕੇ ਅਮੀਕ ਵਿਰਕ ਦੀ ਬਤੌਰ ਪੰਜਾਬੀ ਸਿਨੇਮਾ ਨੂੰ ਇੱਕ ਹੋਰ ਐਕਸ਼ਨ ਹੀਰੋ ਮਿਲਿਆ। ਗੌਰਵਮਈ ਇਤਿਹਾਸ ਨੂੰ ਪੇਸ਼ ਕਰਦੀ ਪੰਜਾਬੀ ਫਿਲਮ 'ਮਸਤਾਨੇ' ਦਰਸ਼ਕਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਨ ਵਿੱਚ ਕਾਮਯਾਬ ਰਹੀ। ਸਿੱਖਾਂ ਦੇ ਜੁਝਾਰੂ ਜ਼ਜਬੇ ਨੂੰ ਪੇਸ ਕਰਦੀ ਇਹ ਫਿਲਮ ਪੰਜਾਬੀ ਸਿਨੇਮੇ ਦੇ ਇਤਿਹਾਸ 'ਚ ਇੱਕ ਮੁਕਾਮ ਹਾਸਿਲ ਕਰਨ ਵਾਲੀ ਫਿਲਮ ਰਹੀ। ਇਸ ਹੀ ਸਾਲ ਐਕਸ਼ਨ ਤੇ ਸ਼ਪੈਨਸ ਨਾਲ ਭਰਪੂਰ ਫਿਲਮ 'ਚੇਤਾ ਸਿੰਘ', ਅਤੇ ਪ੍ਰੇਮ ਸਟੋਰੀ ਦੀ ਕਹਾਣੀ ਵਾਲੀ ਫਿਲਮ 'ਹਰਫ਼' ਏ ਲਵ ਸਟੋਰੀ' ਫਿਲਮਾਂ ਰਿਲੀਜ਼ ਹੋਇਆ। ਫਿਲਮ ਚੇਤਾ ਸਿੰਘ 'ਚ ਹੱਡਾ ਰੋੜੀ ਵਾਲਾ ਐਕਸ਼ਨ, ਹੱਦ ਤੋਂ ਵੱਧ ਮਾਰਧਾੜ ਦੇ ਨਾਲ-ਨਾਲ ਗਾਲ੍ਹਾ ਵੀ ਸੁਣਨ ਨੂੰ ਮਿਲਿਆ। ਔਰਤਾਂ ਦੇ ਜੀਵਨ ਦੀ ਕਹਾਣੀ ਪੇਸ਼ ਕਰਦੀ ਫਿਲਮ 'ਬੂਹੇ ਬਾਰੀਆਂ' ਵੀ ਦਰਸ਼ਕਾਂ ਦੇ ਦਿਲਾਂ ਤੇ ਜਿਆਦਾ ਖ਼ਰੀ ਨਾ ਉੱਤਰ ਸਕੀ। ਨੀਰੂ ਬਾਜਵਾ ਵੱਲੋਂ ਬੋਲੇ ਗਏ ਅੱਪ ਸ਼ਬਦਾਂ ਦੇ ਵਿਵਾਦਾਂ 'ਚ ਉਲਝ ਗਈ। ਫਿਲਮ 'ਰੱਬ ਦੀ ਮੇਹਰ' ਨਾਲ ਵੀ ਪੰਜਾਬੀ ਸਿਨੇਮ ਤੇ ਨਾ ਹੋ ਸਕੀ। ਐਮੀ ਵਿਰਕ ਦੀ ਫਿਲਮ 'ਗੱਡੀ ਜਾਂਦੀ ਏ ਛਲਾਂਗਾਂ ਮਾਰਦੀ' ਦਰਸ਼ਕਾਂ ਨੂੰ ਆਪਣੇ ਨਾਲ ਅੱਗੇ ਨਾ ਲੈ ਜਾ ਸਕੀ। 'ਪਿੰਡ ਅਮਰੀਕਾ' ਵਿਰਸੇ ਤੇ ਵਿਰਾਸਤ ਦਾ ਸੁਨੇਹਾ ਲੈ ਕੇ ਆਈ ਪੰਜਾਬੀ ਫਿਲਮ ਅਸਲ ਰੰਗ ਨਾ ਦਿਖਾ ਸਕੀ। ਫਿਲਮਾਂ ਦੀ ਗਿਣਤੀ ਵਧਾਉਣ 'ਚ ਸਾਮਿਲ ਹੋਈ ਫਿਲਮ 'ਐਨੀ ਹਾਓ-ਮਿੱਟੀ ਪਾਓ'। ਅਕਤੂਬਰ ਮਹੀਨੇ ਦੇ ਦੂਸਰੇ ਹਫ਼ਤੇ ਦੋ ਪੰਜਾਬੀ ਫਿਲਮਾਂ 'ਚਿੜੀਆਂ ਦਾ ਚੰਬਾ', ਅਤੇ 'ਵਾਈਟ ਹਾਊਸ' ਰਿਲੀਜ਼ ਹੋਇਆ। ਲੋਕ ਮਨਾਂ ਨੂੰ ਭਾਵੁਕ ਕਰ ਦੇਣ ਵਾਲੇ ਲੋਕ ਗੀਤ ਦੇ ਆਧਾਰਿਤ ਬਣੀ ਫਿਲਮ ਸਮਾਜਕ ਚੇਤਨਾ ਪ੍ਰਤੀ ਵੱਡੇ-ਵੱਡੇ ਦਾਅਵੇ ਕਰਨ ਵਾਲਿਆਂ ਦੀ ਅਸਲ ਸਿਚਾਈ ਨੂੰ ਬਿਆਨ ਕਰਦੀ ਬਹੁਤ ਹੀ ਸੰਵੇਦਨਸ਼ੀਲ ਫਿਲਮ ਰਹੀ। ਫਿਲਮ 'ਮੌਜਾ ਹੀ ਮੌਜਾ' ਗਿੱਪੀ ਗਰੇਵਾਲ, ਬਿੰਨੂ ਢਿੱਲੋ, ਕਰਮਜੀਤ ਅਨਮੋਲ, ਬੀ.ਐਨ ਸ਼ਰਮਾ ਦੀ ਕਮੇਡੀ ਕਲਾਕਾਰਾਂ ਦੀ ਆਪਣੀਆਂ ਮੌਜਾ ਹੀ ਬਣ ਕੇ ਰਹਿ ਗਈ। ਦੋ ਪੰਜਾਬੀ ਫਿਲਮਾਂ 'ਸਰਦਾਰਾ ਐਂਡ ਸਨਜ਼' ਅਤੇ 'ਜ਼ਿੰਦਗੀ ਜ਼ਿੰਦਾਬਾਦ' ਰਿਲੀਜ਼ ਹੋਇਆ। ਕਰਤਾਰ ਸਿੰਘ ਸਰਾਭਾ ਦੇ ਜੀਵਨ ਦੇ ਆਧਾਰਿਤ ਅਣਛੋਹੇ ਇਤਿਹਾਸ ਦੀ ਬਾਤ ਪਾਉਂਦੀ ਫਿਲਮ 'ਸਰਾਭਾ' ਦੇਸ਼ਾਂ-ਵਿਦੇਸ਼ਾਂ 'ਚ ਰਿਲੀਜ਼ ਤਾਂ ਰਿਲੀਜ਼ ਹੋਈ ਪਰ ਸੈਂਸਰ ਬੋਰਡ ਤੋਂ ਸਰਟੀਫਿਕੇਟ ਨਾ ਮਿਲਣ ਕਰਕੇ ਭਾਰਤ 'ਚ ਫਿਲਮ ਦੇਰੀ ਨਾਲ ਰਿਲੀਜ਼ ਹੋਈ। ਇਸ ਤਰ੍ਹਾਂ ਹੀ ਸਿੱਖ ਇਤਿਹਾਸ ਨੂੰ ਦਰਸਾਉਂਦੀ ਫਿਲਮ 'ਦਾਸਤਾਨ-ਏ-ਸਰਹਿੰਦ' ਦਰਸ਼ਕਾਂ ਨੂੰ ਦੇਖਣ ਲਈ ਮਿਲੀ। ਫਿਲਮ 'ਗੁੜੀਆ' ਵੀ ਕਹਾਣੀ ਪੱਖੋਂ ਸਫ਼ਲ ਰਹੀ। 'ਮੌਜਾਂ ਹੀ ਮੌਜਾਂ', ਬਿਨਾ ਬੈਂਡ ਚੱਲ ਇੰਗਲੈਂਡ', 'ਪਰਿੰਦਾ ਪਾਰ ਗਿਆ' ਆਦਿ ਹਲਕੇ ਵਿਸ਼ੇ ਵਾਲਿਆਂ ਫਿਲਮਾਂ ਵੀ ਫਿਲਮਾਂ ਦੀ ਗਿਣਤੀ ਵਧਾਉਣ 'ਚ ਸਾਮਿਲ ਹੋਇਆਂ।

ਪਿੱਛਲੇ ਕੁਝ ਸਾਲਾਂ ਤੋਂ ਦੇਖਣ 'ਚ ਆਇਆ ਹੈ ਤਕਰੀਬਨ ਫਿਲਮਾਂ ਦੀਆਂ ਸ਼ੂਟਿੰਗਾਂ ਵਿਦੇਸ਼ਾਂ 'ਚ ਕੀਤੀਆਂ ਜਾ ਰਹੀਆਂ ਹਨ। ਦੇਖਣ 'ਚ ਆਇਆ ਹੈ ਕਿ ਹਰ ਕੋਈ ਅਜਿਹੀਆਂ ਕਹਾਣੀਆਂ ਬਣਨ ਤੇ ਘੜਨ 'ਚ ਲੱਗਿਆ ਹੋਇਆ ਹੈ ਕਿ ਜਿਸ ਵਿੱਚ ਵਧ ਤੋਂ ਵਧ ਸ਼ੂਟਿੰਗਾਂ ਇੰਗਲੈਂਡ ਵਰਗੇ ਦੇਸ਼ਾਂ 'ਚ ਕੀਤੀ ਜਾਵੇ। ਹਰ ਦੂਸਰੀ ਫਿਲਮ ਦੀ ਕਹਾਣੀ ਨੂੰ ਵਿਦੇਸ਼ੀ ਧਰਤੀ ਤੇ ਫਿਲਮਾਉਣ ਦਾ ਚਾਅ ਤਕਰੀਬਨ ਹਰ ਫਿਲਮ ਮੇਕਰ ਨੂੰ ਚੜ੍ਹਿਆ ਰਹਿੰਦਾ ਹੈ। ਫਿਲਮ ਇੰਡਸਟਰੀ ਨਾਲ ਜੁੜੇ ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਇਹ ਕੇਵਲ ਤੇ ਕੇਵਲ ਸਬਸਿਡੀ ਲੈਣ ਲਈ ਹੀ ਕੀਤਾ ਜਾਂਦਾ ਹੈ। ਫਿਲਮ ਦੀ ਕਹਾਣੀ 'ਚ ਭਾਵੇਂ ਜਾਨ ਹੋਵੇ ਭਾਵੇਂ ਨਾ ਹੋਵੇ ਪਰ ਦਰਸ਼ਕਾਂ ਨੂੰ ਵਿਦੇਸ਼ ਦਿਖਾਉਣਾ ਜਰੂਰੀ ਮੰਨਿਆ ਜਾਣ ਲੱਗ ਪਿਆ ਹੈ। ਪਹਿਲਾ ਜੱਟਾਂ ਵਾਲੇ ਵਿਸ਼ੇ, ਫਿਰ ਗਾਇਕਾ ਦਾ ਵੱਡੀ ਸਕਰੀਨ ਤੇ ਆਉਣਾ, ਬੀਤੇ ਕੁਝ ਵਰ੍ਹਿਆਂ 'ਚ ਦੇਖਣ ਨੂੰ ਮਿਲਿਆ ਹੈ। ਦਿਲਾਂ ਨੂੰ ਛੂਹਦੇ ਪੰਜਾਬੀ ਗਾਇਕਾ ਦੇ ਮਕਬੂਲ ਗੀਤਾਂ ਦੇ ਮੁੱਖੜਿਆਂ ਜਾਂ ਲੋਕ ਬੋਲੀਆਂ ਦੇ ਅਧਾਰਿਤ ਪੰਜਾਬੀ ਫਿਲਮਾਂ ਦੇ ਨਾਂਅ ਰੱਖਕੇ ਜਿਵੇਂ ਕਿ 'ਸਾਵਾ ਨੀਂ ਗਿਰਧਾਰੀ ਲਾਲ', 'ਸਹੁਰਿਆਂ ਦਾ ਪਿੰਡ ਆ ਗਿਆ', 'ਬਾਬੇ ਭੰਗੜਾ ਪਾਉਂਦੇ ਨੇ', 'ਯਾਰ ਮੇਰਾ ਤਿੱਤਲੀਆਂ ਵਰਗਾ', 'ਨੀਂ ਮੈਂ ਸੱਸ ਕੁੱਟਣੀ', ਨਿਗਾਹ ਮਾਰਦਾ ਆਈ ਵੇਂ', 'ਬੱਲੇ ਓ ਚਲਾਕ ਸੱਜਣਾਂ', 'ਬੂਹੇ ਬਾਰੀਆਂ', 'ਗੱਡੀ ਜਾਂਦੀ ਏ ਛਲਾਂਗਾਂ ਮਾਰਦੀ' 'ਚੱਲ ਜਿੰਦੀਏ' ਆਦਿ ਗੀਤਾਂ ਦੇ ਮੁੱਖੜਿਆਂ ਵਾਲਿਆਂ ਫਿਲਮਾਂ ਦਾ ਬਣਕੇ ਰਿਲੀਜ਼ ਹੋਇਆ ਜਾਰੀ ਰਿਹਾ।

ਜਦੋਂ ਪੰਜਾਬੀ ਫਿਲਮਾਂ ਵਿਚਲੇ ਗੀਤ, ਸੰਗੀਤ ਦੀ ਗੱਲ ਆਉਂਦੀ ਹੈ ਤਾਂ ਰੂਹਾਂ ਨੂੰ ਸਕੂਨ ਜਿਹਾ ਮਿਲ ਜਾਂਦਾ ਹੈ। ਪੁਰਾਣੀਆਂ ਫਿਲਮਾਂ ਦੇ ਗੀਤ, ਸੰਗੀਤ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਫਿਲਮਾਂ ਵਿਸ਼ਿਆਂ, ਕਹਾਣੀਆਂ ਪੱਖੋਂ ਅਮੀਰ ਰਹੀਆਂ ਹਨ। ਬਹੁਤ ਸਾਰੀਆਂ ਫਿਲਮਾਂ ਆਪਣੀਆਂ ਕਹਾਣੀਆਂ ਵਿਚਲੇ ਕਲਾਕਾਰਾਂ ਵੱਲੋਂ ਨਿਭਾਏ ਯਾਦਗਾਰੀ ਕਿਰਦਾਰਾਂ ਕਰਕੇ ਸੱਥਾਂ ਦੀਆਂ ਚਰਚਾਂ 'ਚ ਹਨ। ਪੁਰਾਣੀਆਂ ਫਿਲਮਾਂ ਦੇ ਗੀਤ ਜਿਨ੍ਹਾਂ 'ਚ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ', 'ਅਸੀਂ ਪੇਂਡੂ ਨੀਂ ਦਿੱਲਾਂ ਦੇ ਮਾੜੇ', 'ਗੱਡੀ ਥੱਲੇ ਸਿਰ ਦੇ ਮਰ ਜਾਊਂਗੀ', 'ਮੈਂ ਵਾਰੀ ਮੈਂ ਵਾਰੀ ਮੇਰੀ ਸੰਮੀਏ', 'ਤੂੰ ਕਿਹੜੇ ਅਰਸ ਦਾ ਤਾਰਾਂ', 'ਤੇਰੇ ਦਰ ਤੇ ਬੁਲਾਉਂਦਾ ਮੁੰਡਾ ਬੱਕਰੇ', 'ਮੈਂ ਨੀਂ ਜਾਂਣਾ ਰੋਡੂ ਦੇ..', 'ਵੇ ਤੂੰ ਲੌਂਗ ਵੇ ਮੈਂ ਲਾਚੀ', 'ਅੰਬੀਆਂ ਦੇ ਬੂਟਿਆਂ 'ਤੇ ਲਗ ਗਿਆ ਬੂਰ ਵੇ', 'ਤੇਰੀ ਕਣਕ ਦੀ ਰਾਖੀ ਮੁੰਡਿਆਂ ਹੁਣ ਮੈਂ ਨੀਂ ਬਹਿੰਦੀ', 'ਗੁੜ ਨਾਲੋਂ ਇਸ਼ਕ ਮਿੱਠਾ..', ਆਦਿ ਤੋਂ ਇਲਾਵਾ ਫਿਲਮਾਂ ਦੇ ਗੀਤ ਅੱਜ ਵੀ ਜ਼ਿਹਨ 'ਚ ਵਸਦੇ ਹਨ। ਅਜੋਕੀਆਂ ਫਿਲਮਾਂ ਦਾ ਗੀਤ, ਸੰਗੀਤ ਇਨ੍ਹਾਂ ਤੋਂ ਕੋਹਾ ਦੂਰ ਹਨ, ਜੋ ਕਿ ਸਿਨੇਮਾ ਹਾਲ ਤੱਕ ਹੀ ਸੀਮਿਤ ਰਹਿੰਦਾ ਹੈ। ਜੋ ਕਿ ਅਜੋਕੇ ਪੰਜਾਬੀ ਸਿਨੇਮੇ ਲਈ ਚਿੰਤਾ ਦਾ ਵਿਸ਼ਾ ਹੈ। ਭਾਵੇਂ ਫਿਲਮਾਂ ਦੀ ਗਿਣਤੀ 'ਚ ਬਹੁਤ ਵਾਧਾ ਹੋਇਆ ਹੈ ਪਰ ਜਦੋਂ ਅਜੋਕੇ ਸਮੇਂ ਦੀਆਂ ਫਿਲਮਾਂ ਦੇ ਗੀਤ, ਸੰਗੀਤ ਦੀ ਗੱਲ ਕੀਤੀ ਜਾਵੇ ਤਾਂ ਇਹ ਲੋਕ ਮਨਾਂ 'ਤੇ ਖਰਾ ਨਹੀਂ ਉੱਤਰ ਸਕਿਆ। ਜਿਕਰਯੋਗ ਹੈ ਕਿ ਇਸ ਸਾਲ 2023 ਦੀਆ ਹੁਣ ਤੱਕ ਦੀਆਂ ਰਿਲੀਜ਼ ਹੋਇਆਂ ਪੰਜਾਬੀ ਫਿਲਮਾਂ 'ਚ ਫਿਲਮ 'ਕਲੀ-ਜੋਟਾ' ਦਾ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਵੱਲੋਂ ਗਾਇਆ ਗੀਤ 'ਕਿੱਤੇ ਨੀਂ ਤੇਰਾ ਰੁਤਬਾ ਘੱਟਦਾ ਜੇ ਹੱਸਕੇ ਬੁਲਾ ਲਵੇਂ ਕਿੱਧਰੇ,' ਤੋਂ ਇਲਾਵਾ ਦੂਸਰੀ ਪੰਜਾਬੀ ਫਿਲਮ 'ਗੋਡੇ ਗੋਡੇ ਚਾਅ' ਦਾ ਗੀਤ ਜਿਸ ਨੂੰ ਪਿੱਠਵਰਤੀ ਗਾਇਕ ਆਵਾਜ਼ ਸੁਰੀਲੇ ਗਾਇਕ ਨਛੱਤਰ ਗਿੱਲ ਨੇ ਦਿੱਤੀ, ਗੀਤ ਦੇ ਬੋਲ ਹਨ 'ਅੱਜ ਅੱਲੜਾਂ ਦੇ ਅੱਲੜਾਂ ਦੇ ਰੱਬ ਯਾਦ ਨੀਂ..' ਦੇ ਬੋਲ ਅਤੇ ਸੰਗੀਤ ਅੱਜ ਵੀ ਦਰਸ਼ਕਾਂ-ਸਰੋਤਿਆਂ ਨੂੰ ਮੰਤਰ ਮੁਗਧ ਕਰ ਰਿਹਾ ਹੈ। ਇਸ ਪਾਸੇ ਵੀ ਫਿਲਮ ਮੇਕਰਾਂ ਨੂੰ ਖ਼ਾਸ ਧਿਆਨ ਦੇਣ ਦੀ ਲੋੜ ਹੈ। ਜਾਂਦੇ-ਜਾਂਦੇ ਦਸੰਬਰ ਮਹੀਨੇ 'ਚ ਰਿਲੀਜ਼ ਹੋਇਆਂ ਫਿਲਮਾਂ ਵੀ ਦਰਸ਼ਕਾਂ ਦੀ ਨਿਰਾਸ਼ਾ ਨੂੰ ਦੂਰ ਨਾ ਕਰ ਸਕਿਆ। ਸੋ ਇਸ ਸਾਲ ਵੀ ਲੋਕ ਮਨਾਂ ਤੋਂ ਦੂਰ-ਦੂਰ ਰਹੀਆਂ ਫਿਲਮਾਂ। ਦਰਸ਼ਕਾਂ ਦੀਆਂ ਨਜ਼ਰਾਂ ਹੁਣ ਨਵੇਂ ਸਾਲ 2024 'ਤੇ ਟਿਕੀਆਂ ਹਨ। ਪ੍ਰਮਾਤਮਾਂ ਕਰੇ, ਸਾਲ 2024 ਪੰਜਾਬੀ ਸਿਨੇਮੇ ਹੋਰ ਬੁਲੰਦੀਆਂ ਨੂੰ ਛੂਹਦਾ ਹੋਇਆ ਅੱਗੇ ਵਧੇ।

**ਪਤਾ: ਸਵਰਾਜ ਨਗਰ, ਖਰੜ, ਜਿਲ੍ਹਾ ਐੱਸ.ਏ.ਐੱਸ. ਨਗਰ, ਮੋਹਾਲੀ।**

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL



ANDY BHALLA
Real Estate Agent
Residential, Commercial, Property Management and Rural
Satisfaction Guaranteed- One year warranty on any home purchase with us
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
andybhalla@coldwellbanker.ca
www.homelistingscalgary.com
6420 6A ST SE Calgary AB T2H2B7 403-899-7171

ਡਾਵਸਨ ਲੈਂਡਿੰਗ ਵਿੱਚ
ਹੁਣ ਤੁਹਾਡਾ ਘਰ
ਹੁਣ ਤੁਹਾਡੀ ਪਹੁੰਚ ਵਿੱਚ ਹੈ
DAWSON'S LANDING CHESTERMERE
A QUALICO COMMUNITY



ਨਵੀਆਂ ਲਾਟਾਂ ਵੇਚ ਰਹੇ ਹਾਂ
ਹਾਈਵੇਅ 1 ਰਾਹੀਂ ਕੈਲਗਰੀ ਡਾਊਨਟਾਊਨ ਤੱਕ ਪਹੁੰਚ
ਨਵੇਂ ਖੇਡ ਮੈਦਾਨ ਹੁਣ ਖੁੱਲ ਗਏ ਹਨ
ਮਾਲਕ ਐਸੋਸੀਏਸ਼ਨ ਘਰ ਦੀਆਂ ਕਦਰਾਂ ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਲੇਨਡ ਡੁਪਲੈਕਸ ਫਰੌਮ ਦੀ ਹਾਈ $400s
ਲੇਨਡ ਹੋਮ ਫਰੌਮ ਦੀ ਲੋਅ $600s
ਫਰੰਟ ਗੈਰਾਜ ਡੁਪਲੈਕਸ ਫਰੌਮ ਦੀ ਲੋਅ $600s
ਫਰੰਟ ਗੈਰਾਜ ਫਰੌਮ ਦੀ ਲੋਅ $700s
ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
NUVISTA HOMES • BROADVIEW HOMES • MORRISON HOMES
TRICO HOMES • STERLING HOMES • TRUMAN HOMES
ਹੋਰ ਜਾਣਕਾਰੀ ਲਈ ਵੈਬਸਾਈਟ ਉੱਪਰ ਆਓ
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




# ਡਿਪਟੀ ਪ੍ਰਧਾਨ ਮੰਤਰੀ ਫਰੀਲੈਂਡ ਨੂੰ ਟਰੂਡੋ ਦੀ ਅਗਵਾਈ ਵਿੱਚ ਲਿਬਰਲਾਂ ਦੇ ਜਿੱਤ ਹਾਸਲ ਕਰਨ ਦਾ ਪੂਰਾ ਭਰੋਸਾ ਹੈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਉਹਨਾਂ ਦਾ ਅਗਲੀਆਂ ਫੈਡਰਲ ਚੋਣਾਂ ਵਿਚ ਖੜ੍ਹੇ ਹੋਣ ਦਾ ਪੱਕਾ ਇਰਾਦਾ ਹੈ। ਪਰ ਉਨ੍ਹਾਂ ਇਸ ਸਵਾਲ ਦਾ ਜਵਾਬ ਦੇਣ ਤੋਂ ਟਾਲਾ ਵੱਟ ਲਿਆ ਕਿ ਕਿਤੇ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਹੁਦੇ ਉੱਤੇ ਤਾਂ ਨਜ਼ਰ ਨਹੀਂ ਰੱਖੀ ਬੈਠੀ?

ਮੀਡੀਆ ਵੱਲੋਂ ਫਰੀਲੈਂਡ ਨੂੰ ਇਸ ਸਮੇਂ ਲਿਬਰਲਾਂ ਦੀ ਸਥਿੱਤੀ ਬਾਰੇ ਪੁੱਛਿਆ ਗਿਆ ਤੇ ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਇਸ ਸਮੇਂ ਕੁੱਝ ਵੋਟਰ ਜਿਹੜਾ ਇਹ ਸੋਚ ਰਹੇ ਹਨ ਕਿ ਟਰੂਡੋ ਨੂੰ ਆਪਣਾ ਅਹੁਦਾ ਛੱਡ ਦੇਣਾ ਚਾਹੀਦਾ ਹੈ ਇਸ ਬਾਰੇ ਉਹ ਕੀ ਸੋਚਦੀ ਹੈ। ਫਰੀਲੈਂਡ ਨੂੰ ਇਸ ਬਾਰੇ ਟੋਹਣ ਦੀ ਕੋਸ਼ਿਸ਼ ਵੀ ਕੀਤੀ ਗਈ ਕਿ ਜੇ ਪ੍ਰਧਾਨ ਮੰਤਰੀ ਬਣਨ ਦਾ ਉਨ੍ਹਾਂ ਨੂੰ ਮੌਕਾ ਮਿਲਦਾ ਹੈ ਤਾਂ ਕਿ ਉਹ ਟਰੂਡੋ ਦੀ ਥਾਂ ਲੈਣਾ ਚਾਹੇਗੀ। ਇਹਨਾਂ ਸਵਾਲਾਂ ਦੇ ਜਵਾਬ ਦਿੰਦਿਆਂ ਫਰੀਲੈਂਡ ਨੇ ਆਖਿਆ ਕਿ ਸਭ ਤੋਂ ਪਹਿਲਾਂ ਉਸ ਦਾ ਸਾਰਾ ਧਿਆਨ ਕੈਨੇਡੀਅਨਾਂ ਦੀ ਮੱਦਦ ਕਰਨ ਉੱਤੇ ਲੱਗਿਆ ਹੋਇਆ ਹੈ। ਉਨ੍ਹਾਂ ਆਖਿਆ ਕਿ ਲੋਕਾਂ ਨੂੰ ਸਾਡੀ ਮੱਦਦ ਦੀ ਲੋੜ ਹੈ। ਕੈਨੇਡੀਅਨ ਇਹ ਨਹੀਂ ਚਾਹੁੰਦੇ ਕਿ ਅਸੀਂ ਆਪਣੇ ਵੱਲ ਧਿਆਨ ਦੇਈਏ, ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣ। ਫਰੀਲੈਂਡ ਨੇ ਆਖਿਆ ਕਿ ਉਹ ਆਪਣੇ ਪ੍ਰਧਾਨ ਮੰਤਰੀ ਦਾ ਪੂਰੀ ਤਰ੍ਹਾਂ ਸਮਰਥਨ ਕਰਦੀ ਹੈ। ਉਹ ਸਾਡੀ ਟੀਮ ਨੂੰ ਬਹੁਤ ਵਧੀਆ ਢੰਗ ਨਾਲ ਚਲਾ ਰਹੇ ਹਨ ਤੇ ਨਾਲ ਲੈ ਕੇ ਤੁਰ ਰਹੇ ਹਨ।ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਮਿਲ ਰਹੇ ਰੁਝਾਂਨਾਂ ਤੋਂ ਕੰਜ਼ਰਵੇਟਿਵਾਂ ਦੀ ਸਥਿੱਤੀ ਕਾਫੀ ਮਜ਼ਬੂਤ ਹੋ ਕੇ ਸਾਹਮਣੇ ਆਈ ਹੈ। ਨਵੇਂ ਸਰਵੇਖਣਾਂ ਤੋਂ ਤਾਂ ਇਹ ਵੀ ਸਾਹਮਣੇ ਆਇਆ ਹੈ ਕਿ ਜੇ ਅੱਜ ਚੋਣਾਂ ਹੁੰਦੀਆਂ ਹਨ ਤਾਂ ਯਕੀਨਨ ਜਿੱਤ ਕੰਜ਼ਰਵੇਟਿਵਾਂ ਦੀ ਹੋਵੇਗੀ।ਪਰ ਅਜੇ ਵੀ ਫਰੀਲੈਂਡ ਦਾ ਇਹ ਦਾਅਵਾ ਹੈ ਕਿ ਮੌਜੂਦਾ ਘੱਟ ਗਿਣਤੀ ਲਿਬਰਲ ਅਗਲੀਆਂ ਚੋਣਾਂ ਵਿੱਚ ਜਿੱਤ ਹਾਸਲ ਕਰ ਸਕਦੇ ਹਨ ਤੇ ਉਨ੍ਹਾਂ ਦੇ ਝੰਡਾਬਰਦਾਰ ਟਰੂਡੋ ਹੀ ਰਹਿਣਗੇ।

# ਕੈਲਗਰੀ ਪੁਲਿਸ ਨੇ ਟੈਂਪਲ ਰੋਡ ਰੇਜ ਘਟਨਾ ਵਿੱਚ ਕਤਲ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਚਾਰਜ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਦਾ ਕਹਿਣਾ ਹੈ ਕਿ ਬੀਤੇ ਮੰਗਲਵਾਰ ਨੂੰ ਟੈਂਪਲ ਦੇ ਨਾਰਥ ਈਸਟ ਏਰੀਆ ਵਿੱਚ ਇੱਕ ਸੜਕੀ ਲੜਾਈ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਦੂਜੇ 'ਤੇ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਜਾਂਚ ਕਰਨ ਵਾਲੀ ਟੀਮ ਦਾ ਕਹਿਣਾ ਹੈ ਕਿ 12 ਦਸੰਬਰ 2023 ਦਿਨ ਮੰਗਲਵਾਰ ਨੂੰ ਦੁਪਹਿਰ 12:30 ਵਜੇ ਦੇ ਕਰੀਬ, ਪੁਲਿਸ ਨੂੰ ਸ਼ੈਵਰਲੇਟ ਗੱਡੀ ਵਿੱਚੋਂ ਇੱਕ ਕਾਲ ਆਈ ਜਿਸ ਵਿੱਚ ਇਹ ਦੱਸਿਆ ਗਿਆ ਕਿ ਨਾਰਥ ਈਸਟ ਦੀਆਂ ਸੜਕਾਂ 'ਤੇ ਗੱਡੀ ਚਲਾਉਂਦੇ ਹੋਇਆ ਗੱਡੀ ਚਾਲਕ ਉਸ ਨਾਲ ਖਹਿਬੜ ਰਿਹਾ ਹੈ। ਇਹ ਝਗੜਾ 911 'ਤੇ ਕਾਲ ਕੀਤੇ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ ਦੋਵਾਂ ਵਾਹਨਾਂ ਵਿਚਕਾਰ ਹੋਈ ਇੱਕ ਗੈਰ-ਜ਼ਖਮੀ ਹਿੱਟ-ਐਂਡ-ਰਨ ਤੋਂ ਬਾਅਦ ਸ਼ੁਰੂ ਹੋਇਆ ਦੱਸਿਆ ਜਾਂਦਾ ਹੈ। 911 ਨਾਲ ਫੋਨ 'ਤੇ, ਸ਼ੈਵਰਲੇਟ ਗੱਡੀ ਵਿਚਲੇ ਲੋਕਾਂ ਨੂੰ ਜੀ ਐਮ ਸੀ ਟਰੱਕ ਦੇ ਡਰਾਈਵਰ ਨਾਲੋਂ ਦੂਰ ਰਹਿਣ ਲਈ ਕਿਹਾ ਗਿਆ ਸੀ, ਪਰ ਪੁਲਿਸ ਦਾ ਕਹਿਣਾ ਹੈ ਕਿ ਉਹ ਜੀ ਐਮ ਸੀ ਵਾਹਨ ਦਾ ਪਿੱਛਾ ਕਰਦੇ ਰਹੇ।

ਪੁਲਿਸ ਦੇ ਅਨੁਸਾਰ, ਝਗੜਾ ਲਗਾਤਾਰ ਵਧਦਾ ਗਿਆ, ਅਤੇ ਟਰੱਕ ਦਾ ਡਰਾਈਵਰ 64 ਸਟਰੀਟ ਨੇੜੇ ਟੈਂਪਲ ਡਰਾਈਵ 'ਤੇ ਆਪਣੀ ਗੱਡੀ ਤੋਂ ਬਾਹਰ ਨਿਕਲ ਆਇਆ। ਪੁਲਿਸ ਦਾ ਮੰਨਣਾ ਹੈ ਕਿ ਉਸਨੇ ਸ਼ੈਵਰਲੇਟ ਗੱਡੀ ਦੇ ਯਾਤਰੀ ਪਾਸੇ ਨੂੰ ਲੱਤ ਮਾਰ ਦਿੱਤੀ ਸੀ। ਫਿਰ ਕਾਰ ਰੁਕੀ ਅਤੇ ਟਰੱਕ ਦੇ ਡਰਾਈਵਰ ਨਾਲ ਟਕਰਾ ਗਈ, ਜਿਸ ਨੂੰ ਟੱਕਰ ਮਾਰ ਕੇ ਨੇੜੇ ਦੇ ਦਰੱਖਤ ਨਾਲ ਧੱਕਾ ਦਿੱਤਾ ਗਿਆ। ਜੀਐਮਸੀ ਟਰੱਕ ਦੇ ਡਰਾਈਵਰ ਨੂੰ ਮੌਕੇ 'ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਕਾਰ ਵਿੱਚ ਸਵਾਰ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਗੱਡੀ ਚਲਾ ਰਹੇ 34 ਸਾਲਾ ਸਟੀਵਨ ਐਲਨ ਦੇ ਖਿਲਾਫ ਕਤਲ ਦੇ ਦੋਸ਼ ਲਗਾਏ ਹਨ। ਨਾਲ ਬੈਠੇ ਯਾਤਰੀ ਨੂੰ ਬਿਨਾਂ ਕਿਸੇ ਚਾਰਜ ਦੇ ਛੱਡ ਦਿੱਤਾ ਗਿਆ।

# ਕਨੇਡੀਅਨ ਲੋਕ ਨਿੱਤ ਦਿਹਾੜੇ ਦੀ ਜ਼ਿੰਦਗੀ ਢਿੱਡ ਬੰਨਕੇ ਹੀ ਗੁਜ਼ਾਰ ਰਹੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਨ ਮਾਹਿਰਾਂ ਦਾ ਮੰਨਣਾ ਹੈ ਕਿ ਕੈਨੇਡੀਅਨ ਲੋਕ ਮਹਿੰਗਾਈ ਕਾਰਨ ਛੁੱਟੀਆਂ ਦੇ ਖਾਣੇ 'ਤੇ ਘੱਟ ਖਰਚ ਕਰ ਰਹੇ ਹਨ।ਇਹਨਾਂ ਛੁੱਟੀਆਂ ਦਾ ਸੀਜ਼ਨ ਆਮ ਤੌਰ 'ਤੇ ਪਰਿਵਾਰਾਂ ਦੇ ਆਪਸੀ ਮਿਲ ਬੈਠਣ ਅਤੇ ਖਾਣ ਪੀਣ ਵਾਲਾ ਹੁੰਦਾ ਹੈ, ਪਰ ਮਹਿੰਗਾਈ ਦਾ ਦੈਂਤ ਕੈਨੇਡੀਅਨਾਂ ਵੱਲ ਨੂੰ ਐਸਾ ਮੂੰਹ ਕਰਕੇ ਖਲੋਤਾ ਹੈ ਕਿ ਕਿਸੇ ਦੀ ਹਿੰਮਤ ਹੀ ਨਹੀਂ .ਪੈਂਦੀ ਕਿ ਉਹ ਦਿਲ ਖੋਲਕੇ ਖਾਣ ਪੀਣ ਸਬੰਧੀ ਚੀਜਾਂ ਦਾ ਫੈਸਲਾ ਲੈ ਸਕੇ। ਬਹੁਤ ਸਾਰੀਆਂ ਵਿਸ਼ੇਸ਼ ਕਰਿਆਨੇ ਦੀਆਂ ਚੀਜ਼ਾਂ ਆਮ ਕਨੇਡੀਅਨ ਦੀ ਪਹੁੰਚ ਤੋਂ ਬਾਹਰ ਦਿਖਾਈ ਦਿੰਦੀਆਂ ਹਨ। ਐਗਰੀ-ਫੂਡ ਐਨਾਲਿਟਿਕਸ ਲੈਬ ਦੇ ਨਾਲ ਕੰਮ ਕਰਨ ਵਾਲਾ ਸਟੂਅਰਟ ਸਮਿਥ ਦੱਸਦਾ ਹੈ,ਕਿ ਇਸ ਸਾਲ ਭੋਜਨ ਦੀ ਸਮਰੱਥਾ ਕੈਨੇਡੀਅਨਾਂ ਲਈ ਇੱਕ ਪ੍ਰਮੁੱਖ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ ।"ਮੈਨੂੰ ਲਗਦਾ ਹੈ ਕਿ ਬਹੁਤ ਸਾਰੇ ਲੋਕ ਕੁੱਝ ਚੀਜ਼ਾਂ 'ਤੇ ਕੁੱਝ ਸਟਿੱਕਰ ਦੇਖ ਸਦਮਾ ਮਹਿਸੂਸ ਕਰ ਰਹੇ ਹਨ ਅਤੇ ਸਿਰਫ਼ ਇਹ ਕਹਿਣਗੇ ਕਿ 'ਇਸ ਸਾਲ ਅਜਿਹਾ ਕਰਨ ਦਾ ਕੋਈ ਮਤਲਬ ਨਹੀਂ ਹੈ," ਡੇਟਾ ਦਰਸਾਉਂਦਾ ਹੈ ਕਿ ਕੈਨੇਡੀਅਨ ਅੱਜਕੱਲ੍ਹ ਭੋਜਨ 'ਤੇ ਘੱਟ ਖਰਚ ਕਰ ਰਹੇ ਹਨ।












# ਸੈਨੇਟ ਵਿੱਚ ਲਿਬਰਲ ਗੰਨ ਕੰਟਰੋਲ ਬਿੱਲ ਪਾਸ ਹੋ ਗਿਆ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਸਰਕਾਰ ਦਾ ਵਿਵਾਦਗ੍ਰਸ਼ਤ ਗੰਨ ਕੰਟਰੋਲ ਬਿੱਲ ਸੀ-21 ਬਿਨਾਂ ਕਿਸੇ ਤਬਦੀਲੀ ਦੇ ਸੈਨੇਟ ਵਿੱਚ ਪਾਸ ਹੋ ਗਿਆ ਹੈ। ਹੁਣ ਇਹ ਕਾਨੂੰਨ ਦਾ ਰੂਪ ਅਖ਼ਤਿਆਰ ਕਰ ਲਵੇਗਾ।

ਕਈ ਮਹੀਨੇ ਤੱਕ ਸਿਆਸੀ ਵਿਰੋਧ ਤੇ ਵੰਡੀਆਂ ਤੋਂ ਬਾਅਦ ਇਹ ਬਿੱਲ ਮਈ ਵਿੱਚ ਹਾਊਸ ਆਫ ਕਾਮਨਜ਼ ਵਿੱਚ ਪਾਸ ਹੋਇਆ ਸੀ।ਬਿੱਲ ਦਾ ਜਿਹੜਾ ਸੰਸਕਰਣ ਸੈਨੇਟ ਕੋਲ ਪੇਸ਼ ਕੀਤਾ ਗਿਆ ਉਹ ਫੈਡਰਲ ਸਰਕਾਰ ਵੱਲੋਂ ਬਿੱਲ ਦੇ ਮੁੱਢਲੇ ਰੂਪ ਨਾਲੋਂ ਕਾਫੀ ਅਲੱਗ ਤੇ ਵਿਸਥਾਰ ਭਰਿਆ ਸੀ। ਬਿੱਲ ਸੀ-21 ਸੈਨੇਟ ਵਿੱਚ 24 ਦੇ ਮੁਕਾਬਲੇ 60 ਵੋਟਾਂ ਨਾਲ ਪਾਸ ਹੋਇਆ। ਇਸ ਬਿੱਲ ਵਿੱਚ ਹੇਠ ਲਿਖੇ ਮਾਪਦੰਡਾਂ ਨੂੰ ਸ਼ਾਮਲ ਕੀਤਾ ਗਿਆ ਹੈ।

- ਖੁਦ ਲਈ ਤੇ ਹੋਰਨਾਂ ਲਈ ਖਤਰਾ ਸਮਝੇ ਜਾਣ ਵਾਲੇ ਗੰਨ ਮਾਲਕਾਂ ਲਈ ਰੈੱਡ ਫਲੈਗ ਤੇ ਯੈਲੋ ਫਲੈਗ ਦਾ ਪ੍ਰਬੰਧ ਬਿੱਲ ਵਿੱਚ ਕੀਤਾ ਗਿਆ ਹੈ। ਅਜਿਹਾ ਕਰਕੇ ਗੰਨ ਲਾਅਜ਼ ਨੂੰ ਸਖ਼ਤ ਬਣਾਇਆ ਜਾਵੇਗਾ।
- ਕੈਨੇਡਾ ਵਿੱਚ ਹੈਂਡਗੰਨਜ਼ ਦੀ ਵਿੱਕਰੀ, ਖਰੀਦ ਜਾਂ ਟਰਾਂਸਫਰ ਰੋਕਣ ਲਈ ਉਨ੍ਹਾਂ ਉੱਤੇ ਫਰੀਜ਼ ਵਾਲਾ ਨਿਯਮ ਲਾਗੂ ਕੀਤਾ ਜਾਵੇਗਾ।
- ਇੱਕ ਵਾਰੀ ਬਿੱਲ ਦੇ ਕਾਨੂੰਨ ਵੱਜੋਂ ਲਾਗੂ ਹੋਣ ਤੋਂ ਬਾਅਦ ਪਾਬੰਦੀਸ਼ੁਦਾ ਅਸਾਲਟ ਸਟਾਈਲ ਹਥਿਆਰਾਂ ਦੇ ਭਵਿੱਖ ਵਾਲੇ ਮਾਡਲਾਂ ਉੱਤੇ ਸਥਾਈ ਪਾਬੰਦੀ ਲਾ ਦਿੱਤੀ ਜਾਵੇਗੀ।
- ਗੋਸਟ ਗੰਨਜ਼ ਨੂੰ ਤਿਆਰ ਕਰਨ ਜਾਂ ਖਰੀਦਣ ਤੇ ਹਥਿਆਰਾਂ ਦੀ ਸਮਗਲਿੰਗ ਨੂੰ ਰੋਕਣ ਲਈ ਤੇ ਗੈਰਕਾਨੂੰਨੀ ਕਰਾਰ ਦੇਣ ਲਈ ਕਈ ਤਰ੍ਹਾਂ ਦੇ ਪ੍ਰਬੰਧ ਇਸ ਬਿੱਲ ਵਿੱਚ ਕੀਤੇ ਗਏ ਹਨ।
- ਇੰਡੀਜੀਨਸ ਸੰਧੀ ਸਬੰਧੀ ਅਧਿਕਾਰਾਂ ਨੂੰ ਬਰਕਰਾਰ ਰੱਖਣ ਲਈ ਸਰਕਾਰ ਨੇ ਆਪਣਾ ਇਰਾਦਾ ਵੀ ਸਪਸ਼ਟ ਕੀਤਾ ਹੈ। ਕਾਨੂੰਨ ਵੱਜੋਂ ਪ੍ਰਭਾਵੀ ਹੋਣ ਤੋਂ ਪੰਜ ਸਾਲ ਬਾਅਦ ਇਸ ਬਿੱਲ ਦੇ ਪਾਰਲੀਮਾਨੀ ਮੁਲਾਂਕਣ ਦੀ ਤਜਵੀਜ਼ ਵੀ ਬਿੱਲ ਵਿੱਚ ਰੱਖੀ ਗਈ ਹੈ। ਬਿੱਲ ਵਿੱਚ ਸ਼ਾਮਲ ਹੋਰਨਾਂ ਮਾਪਦੰਡਾਂ ਨੂੰ ਨਵੇਂ ਰੈਗੂਲੇਸ਼ਨਜ਼ ਰਾਹੀਂ ਲਾਗੂ ਕਰਵਾਇਆ ਜਾਵੇਗਾ।

ਬਿੱਲ ਦਾ ਪੱਖ ਪੂਰਦਿਆਂ ਤਤਕਾਲੀ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਸੀ ਕਿ ਜਦੋਂ ਗੰਨ ਕੰਟਰੋਲ ਦੀ ਗੱਲ ਆਵੇਗੀ ਤਾਂ ਕੈਨੇਡਾ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸਰਕਾਰ ਨਾਲੋਂ ਲਿਬਰਲ ਸਰਕਾਰ ਕਿਸੇ ਵੀ ਹੱਦ ਤੱਕ ਜਾ ਕੇ ਕੋਸ਼ਿਸ਼ ਜਾਰੀ ਰੱਖੇਗੀ ਜਦਕਿ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦਾ ਕਹਿਣਾ ਹੈ ਕਿ ਇਸ ਕਾਨੂੰਨ ਨਾਲ ਕਾਨੂੰਨ ਦੀ ਪਾਲਣਾ ਕਰਨ ਵਾਲੇ ਗੰਨ ਮਾਲਕਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਵੇਗਾ।

# ਲੁਧਿਆਣਾ 'ਚ ਬਿਨਾਂ ਛੱਤ ਤੋਂ ਭੁੰਜੇ ਸੌਂਦੇ ਬਿਮਾਰ ਬਜ਼ੁਰਗ ਨੂੰ ਮਿਲਿਆ ਸਵਰਗ ਰੂਪੀ ਰਹਿਣ ਬਸੇਰਾ





(ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ)

14 ਦਸੰਬਰ ਨੂੰ ਲੁਧਿਆਣਾ ਸ਼ਹਿਰ ਦੇ ਮਾਡਲ ਟਾਊਨ 'ਚ ਪੈਂਦੇ ਤਿਕੋਨਾ ਪਾਰਕ 'ਚ ਖੁਲ੍ਹੇ ਅਸਮਾਨ ਥੱਲੇ ਭੁੰਜੇ ਸੌਣ ਵਾਲੇ ਲਾਵਾਰਸ ਬਿਮਾਰ ਬਜ਼ੁਰਗ ਨੂੰ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਅਤੇ ਉਹਨਾਂ ਦੇ ਸਹਿਯੋਗੀ ਸੇਵਾਦਾਰ ਚੁੱਕ ਕੇ ਸਰਾਭਾ ਪਿੰਡ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਲੈ ਆਏ। ਆਸ਼ਰਮ 'ਚ ਮਿਲਦੀ ਮੈਡੀਕਲ ਸਹਾਇਤਾ ਅਤੇ ਹੋਰ ਸੁਵਿਧਾਵਾਂ ਨੇ ਉਸ ਦੀ ਜ਼ਿੰਦਗੀ ਹੀ ਰੁਸ਼ਨਾ ਦਿੱਤੀ।

ਪਿਛਲੇ ਕੁੱਝ ਹਫ਼ਤਿਆਂ ਤੋਂ 65 ਸਾਲਾ ਸ਼ੰਕਰ ਨਾਮ ਦਾ ਇਹ ਲਵਾਰਸ ਮਰੀਜ਼ ਲੁਧਿਆਣਾ ਮਾਡਲ ਟਾਊਨ ਦੇ ਤਿਕੋਨਾ ਪਾਰਕ ਵਿੱਚ ਪਿਆ ਸੀ। ਇਸ ਪਾਰਕ ਦੇ ਨਜ਼ਦੀਕ ਹੀ ਰਹਿਣ ਵਾਲੀ ਨਿਸ਼ੂ ਨਾਮ ਦੀ ਲੜਕੀ ਨੇ ਆਸ਼ਰਮ ਵਿੱਚ ਫ਼ੋਨ ਕਰਕੇ ਉਪਰੋਕਤ ਬਜ਼ੁਰਗ ਦੇ ਪਾਰਕ ਵਿੱਚ ਪਿਆ ਹੋਣ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਇਹ ਬਜ਼ੁਰਗ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦਾ ਹੈ ਅਤੇ ਇਸਦੀ ਹਾਲਤ ਬਹੁਤ ਖਰਾਬ ਹੈ। ਜੇਕਰ ਇਸਨੂੰ ਰਹਿਣ ਲਈ ਯੋਗ ਜਗ੍ਹਾ ਤੇ ਮੈਡੀਕਲ ਸਹਾਇਤਾ ਨਾ ਮਿਲੀ ਤਾਂ ਇਸਦਾ ਬਚਣਾ ਅਸੰਭਵ ਹੈ।

ਆਸ਼ਰਮ ਦੇ ਮੁੱਖ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ, ਸੇਵਾਦਾਰ ਪ੍ਰੇਮ ਸਿੰਘ ਅਤੇ ਡਰਾਇਵਰ ਹਰਦੀਪ ਸਿੰਘ ਨੇ ਤੁਰੰਤ ਉਸ ਪਾਰਕ ਵਿੱਚ ਪਹੁੰਚ ਕੇ ਦੇਖਿਆ ਕਿ ਬਜ਼ੁਰਗ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਸੀ। ਹੱਥਾਂ -ਪੈਰਾਂ ਦੇ ਵਧੇ ਹੋਏ ਨੰਹੁ, ਪੈਰਾਂ ਤੋਂ ਨੰਗਾ, ਤਨ ਤੇ ਪਾਏ ਮੈਲੇ-ਕੁਚੈਲੇ ਕੱਪੜਿਆਂ ਦੇ ਵਿੱਚ ਹੀ ਮਲ-ਮੂਤਰ ਅਤੇ ਲੈਟਰੀਨ ਆਦਿ ਕੀਤੀ ਹੋਈ ਸੀ। ਇਹਨਾਂ ਦੇ ਕੋਲੋਂ ਬਹੁਤ ਬਦਬੂ ਮਾਰ ਰਹੀ ਸੀ। ਆਸ਼ਰਮ ਦੇ ਸੇਵਾਦਾਰਾਂ ਵੱਲੋਂ ਇਸ ਬਜ਼ੁਰਗ ਨੂੰ ਚੁੱਕ ਕੇ ਆਸ਼ਰਮ 'ਚ ਲਿਆਂਦਾ ਗਿਆ। ਆਸ਼ਰਮ 'ਚ ਇਸਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ, ਮੰਜਾਂ-ਬਿਸਤਰਾ ਦਿੱਤਾ ਗਿਆ ਅਤੇ ਮੈਡੀਕਲ ਸਹਾਇਤਾ ਦਿੱਤੀ ਗਈ।

ਹਾਲਤ ਵਿੱਚ ਕੁਝ ਸੁਧਾਰ ਹੋਣ ਉਪਰੰਤ ਇਹਨਾਂ ਨਾਲ ਗੱਲ-ਬਾਤ ਕੀਤੀ ਗਈ ਤਾਂ ਇਹਨਾ ਨੇ ਦੱਸਿਆ ਕਿ ਇਹ 12 ਸਾਲ ਦੀ ਉਮਰ 'ਚ ਹੀ ਲੁਧਿਆਣੇ ਆ ਗਏ ਸਨ। ਉਸ ਸਮੇਂ ਤੋਂ ਹੀ ਲੁਧਿਆਣੇ ਵਿੱਚ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਰਹਿਣ ਲਈ ਕੋਈ ਜਗ੍ਹਾ ਨਾ ਹੋਣ ਕਰਕੇ ਜ਼ਿਆਦਾ ਤਰ ਇਹ ਸੜਕਾਂ ਕਿਨਾਰੇ ਜਾਂ ਮੰਦਰਾਂ ਦੇ ਬਾਹਰ ਹੀ ਸੌਂ ਜਾਂਦੇ ਸਨ। ਹੁਣ ਕੁੱਝ ਹਫ਼ਤਿਆਂ ਤੋਂ ਇਹ ਮਾਡਲ ਟਾਊਨ ਦੇ ਤ੍ਰਿਕੋਨਾ ਪਾਰਕ ਵਿੱਚ ਭੁੰਜੇ ਹੀ ਸੌਂਦੇ ਸਨ। ਉਮਰ ਜ਼ਿਆਦਾ ਹੋਣ ਕਰਕੇ ਹੁਣ ਕੋਈ ਕੰਮ-ਕਾਜ ਵੀ ਨਹੀਂ ਮਿਲਦਾ ਸੀ, ਜਿਸ ਕਰਕੇ ਕਈ ਵਾਰ ਭੁੱਖਾ ਹੀ ਸੌਣਾ ਪੈਂਦਾ ਸੀ। ਹੁਣ ਆਸ਼ਰਮ 'ਚ ਆਉਣ ਉਪਰੰਤ ਚੰਗੀ ਸੇਵਾ-ਸੰਭਾਲ ਦਾ ਸਦਕਾ ਇਹ ਬਜ਼ੁਰਗ ਬਹੁਤ ਖੁਸ਼ ਦਿਖਾਈ ਦੇ ਰਹੇ ਹਨ ਕਿਉਂਕਿ ਕਿੱਥੇ ਭੁੱਖੇ ਪੇਟ ਸੜਕਾਂ ਕਿਨਾਰੇ ਭੁੰਜੇ ਹੱਡ ਰਗੜਨੇ, ਹੁਣ ਰੱਜਵਾਂ ਭੋਜਨ ਤੇ ਗਦੈਲਿਆਂ 'ਤੇ ਸੌਣਾ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸੈਂਕੜੇ ਹੀ ਮਰੀਜ਼ਾਂ ਨੂੰ ਸੜਕਾਂ ਤੋਂ ਚੁੱਕ ਕੇ ਇਸ ਆਸ਼ਰਮ 'ਚ ਲਿਆਂਦਾ ਗਿਆ ਹੈ। ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਪੱਕੇ ਤੌਰ 'ਤੇ ਰਹਿੰਦੇ ਹਨ ਜਿਨ੍ਹਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ।

ੴ
ਗੁਰੂ ਪਿਆਰੀ ਸਾਧ ਸੰਗਤ ਜੀ
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥
ਖੂਨ ਦਾਨ ਮਹਾਂਦਾਨ
ਸਿੱਖ ਸੁਸਾਇਟੀ ਰਿਜ਼ਾਇਨਾ
ਵੱਲੋਂ
ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ
ਖੂਨ ਦਾਨ ਕੈਂਪ
27,28,29,30 ਦਸੰਬਰ 2023 ਦਿਨ ਬੁੱਧਵਾਰ, ਵੀਰਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ
ਗੁਰਦੁਆਰਾ ਸਿੱਖ ਸੁਸਾਇਟੀ ਰਿਜ਼ਾਇਨਾ ਵੱਲੋਂ ਲਗਾਇਆ ਜਾ ਰਿਹਾ ਹੈ।
ਆਪ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਾਂ ਆਪਣਾ ਖੂਨ ਦਾਨ ਕਰੀਏ ਅਤੇ ਇਨ੍ਹਾਂ ਸਮੂਹ ਸ਼ਹੀਦਾਂ ਨੂੰ ਹਮੇਸ਼ਾਂ ਯਾਦ ਰੱਖੀਏ ਜਿਨ੍ਹਾਂ ਨੇ ਆਪਣੀ ਸ਼ਹੀਦੀ ਦੇ ਕੇ ਸਾਨੂੰ ਸਿੱਖ ਹੋਣ ਦਾ ਮਾਣ ਬਖਸ਼ਿਆ।
ਖੂਨ-ਦਾਨ ਕਰਨ ਲਈ ਜਰੂਰੀ ਨੋਟ :
1) ਉਮਰ 17 ਸਾਲ ਤੋਂ ਘੱਟ ਨਾ ਹੋਵੇ।
2) 3 ਮਹੀਨਿਆਂ ਦੇ ਅੰਦਰ ਕਿਸੇ ਹੋਰ ਦੇਸ਼ ਨਾ ਗਿਆ ਹੋਵੇ। (ਇੰਡੀਆ ਵਗੈਰਾ ਟਰੈਵਲ ਨਾ ਕੀਤਾ ਹੋਵੇ)
3) ਟੈਟੂ ਬਣੇ ਨੂੰ 3 ਮਹੀਨੇ ਦਾ ਸਮਾਂ ਹੋ ਚੁੱਕਿਆ ਹੋਵੇ।
4) ਪਿਛਲੇ 15 ਦਿਨ ਤੋਂ ਕੋਈ ਫਲੂ ਵਗੈਰਾ ਨਾ ਹੋਇਆ।
5) ਕੈਨੇਡਾ ਰਹਿੰਦਿਆਂ ਨੂੰ 3 ਸਾਲ ਦਾ ਸਮਾਂ ਹੋ ਚੁੱਕਿਆ ਹੋਵੇ।
ਕ੍ਰਿਪਾ ਕਰਕੇ ਇਸ ਕੋਡ ਨੂੰ ਸਕੈਨ ਕਰੋ, ਆਪਣੀ ਜਾਣਕਾਰੀ ਪਾਓ ਅਤੇ ਖੂਨ-ਦਾਨ ਕਰਨ ਲਈ ਸਮਾਂ ਲਵੋ
http://tinyurl.com/6uyjrnam
SIKH SOCIETY REGINA, 3905 PRINCES DRIVE REGINA, SK
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ :
ਗੁਰਦੁਆਰਾ ਸਾਹਿਬ ਜੀ : 306-359-7700, ਰਾਜਬੀਰ ਸਿੰਘ ਬਘਿਆਣਾ (ਪ੍ਰਧਾਨ) : 306-541-0309, ਹਰਦੀਪ ਸਿੰਘ ਢਿੱਲੋਂ (ਕਾਕਾ) : 306-502-5193
ਮੋਹਨ ਸਿੰਘ ਖੁਬਰ : 306-630-9260, ਮਨਮੀਤ ਸਿੰਘ (ਸੈਕਟਰੀ) : 306-201-7447, ਬਲਵੀਰ ਸਿੰਘ ਭੱਠਲ : 306-501-7892

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜ਼ਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

# ਅਸੀਂ ਖ਼ੂਨੀ ਪੱਤਰਿਆਂ ਤੇ ਮਾਣ ਤਾਂ ਕਰਦੇ ਹਾਂ ਪਰ ਧਿਆਨ ਨਹੀਂ ਕਰਦੇ- ਡਾ: ਬਲਵਿੰਦਰ ਕੌਰ ਬਰਾੜ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਸਾਲ 2023 ਦੀ ਆਖਰੀ ਮੀਟਿੰਗ, 16 ਦਸੰਬਰ ਦਿਨ ਸ਼ਨੀਵਾਰ ਨੂੰ ਕੋਸੋ ਹਾਲ ਵਿੱਚ ਹੋਈ। ਮੀਟਿੰਗ ਪੋਹ ਮਹੀਨੇ ਵਿੱਚ ਵਾਪਰੀਆਂ ਸਿੱਖ ਸ਼ਹਾਦਤਾਂ ਅਤੇ ਦਿਸੰਬਰ ਮਹੀਨੇ ਪੂਰੀ ਦੁਨੀਆਂ ਵਿੱਚ ਈਸਾ ਮਸੀਹ ਦੇ ਜਨਮ ਦਿਵਸ ਨੂੰ ਕ੍ਰਿਸਮਸ ਤਿਉਹਾਰ ਵਜੋਂ ਮਨਾਏ ਜਾਣ ਨੂੰ ਸਮਰਪਤ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਬਲਵਿੰਦਰ ਬਰਾੜ ਅਤੇ ਸੀਨੀਅਰ ਮੈਂਬਰ ਬੀਜੀ ਹਰਭਜਨ ਕੌਰ ਹੁਰਾਂ ਨੂੰ ਸੰਭਾਲ, ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਨੇ ਹਾਜ਼ਰ ਭੈਣਾਂ ਨੂੰ ਜੀ ਆਇਆਂ ਆਖਿਆ ਅਤੇ ਲਗਪਗ ਪੰਜਾਹ ਮੈਂਬਰਾਂ ਦੀ ਹਾਜ਼ਰੀ ਲਈ ਧੰਨਵਾਦ ਕੀਤਾ। ਉਨ੍ਹਾਂ ਸੰਨ 1704 ਵਿੱਚ ਇਸ ਮਹੀਨੇ ਸਿੱਖ ਇਤਿਹਾਸ ਵਿੱਚ ਵਾਪਰੀਆਂ ਮਹੱਤਵ ਪੂਰਨ ਘਟਨਾਵਾਂ ਤੇ ਲਾਸਾਨੀ ਸਿੱਖ ਸ਼ਹਾਦਤਾਂ ਦਾ ਵਰਨਣ ਕੀਤਾ ਅਤੇ ਸਿੱਖ ਕੌਮ ਦੀਆਂ ਅਣਮੋਲ ਜਿੰਦਾਂ ਦੀ ਸ਼ਹਾਦਤ ਨੂੰ ਨਤਮਸਤਕ ਹੋ ਸ਼ਰਧਾ ਦੇ ਫੁੱਲ ਭੇਟ ਕੀਤੇ। ਉਪਰੰਤ 25 ਦਿਸੰਬਰ ਨੂੰ ਮਨਾਏ ਜਾਣ ਵਾਲੇ ਕ੍ਰਿਸਮਸ ਤਿਉਹਾਰ ਦੀ ਮਹੱਤਤਾ ਦਾ ਵਰਨਣ ਕੀਤਾ। ਨਵੰਬਰ ਮਹੀਨੇ ਵਿੱਚ 'ਲੋਕ ਕੀ ਕਹਿਣਗੇ' ਸਲਾਨਾ ਈਵੈਂਟ ਦੀ ਭਰਪੂਰ ਸਫ਼ਲਤਾ ਲਈ ਸਭਾ ਦੇ ਮੈਂਬਰਾਂ ਨੂੰ ਵਧਾਈ ਦਿੱਤੀ ਅਤੇ ਸਭ ਦੇ ਸਹਿਯੋਗ ਲਈ ਧੰਨਵਾਦ ਕੀਤਾ। ਸਭਾ ਦੀ ਪ੍ਰਧਾਨ ਬਲਵਿੰਦਰ ਬਰਾੜ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕਰਦੇ ਕਿਹਾ ਕਿ ਅਸੀਂ ਖ਼ੂਨੀ ਪੱਤਰਿਆਂ ਤੇ ਮਾਣ ਤਾਂ ਕਰਦੇ ਹਾਂ ਪਰ ਧਿਆਨ ਨਹੀਂ ਕਰਦੇ। ਛੋਟੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਨੂੰ ਦੁਨੀਆਂ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਪਿਛਲੇ ਦਿਨੀਂ ਆਪਣੀ ਨਿਊਜ਼ੀਲੈਂਡ ਦੀ ਫੇਰੀ ਨੂੰ ਯਾਦ ਕਰਦਿਆਂ ਉੱਥੇ ਵਾਪਰੀਆਂ ਕਈ ਜਜ਼ਬਾਤੀ ਘਟਨਾਵਾਂ ਦਾ ਵਰਨਣ ਕੀਤਾ। ਸਭਾ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਦਰਸ਼ਨ ਕੌਰ ਅਤੇ ਕਮਲੇਸ਼ ਰਾਣੀ ਜੀ ਨਾਲ ਜਾਣ-ਪਛਾਣ ਕਰਵਾਈ ਗਈ।

ਇਨੀ ਦੇਰ ਤੱਕ ਮੇਜ਼ਾਂ ਤੇ ਸਜਾਏ ਜਾ ਚੁੱਕੇ ਖਾਣੇ ਦੀ ਖੁਸ਼ਬੂ ਨੇ ਕਮਰਾ ਮਹਿਕਾ ਦਿੱਤਾ ਸੀ। ਸੋ ਫੂਡ ਕਮੇਟੀ ਦੀਆਂ ਮੈਂਬਰਾਂ ਨੇ ਸਭ ਨੂੰ ਕੁਰਸੀਆਂ ਤੇ ਬੈਠਿਆਂ ਨੂੰ ਹੀ ਖਾਣਾ ਸਰਵ ਕੀਤਾ। ਚਾਹ ਪੀਣ ਉਪਰੰਤ ਮੀਟਿੰਗ ਦੀ ਅਗਲੇਰੀ ਕਾਰਵਾਈ ਆਰੰਭ ਹੋ ਗਈ। ਸਭ ਤੋਂ ਪਹਿਲਾਂ ਫੂਡ ਕਮੇਟੀ ਦੇ ਮੈਂਬਰ ਬਲਜੀਤ ਜਠੌਲ, ਅਮਰਜੀਤ ਸੱਗੂ, ਸੁਰਿੰਦਰ ਗਿੱਲ ਅਤੇ ਸੁਰਿੰਦਰ ਚੀਮਾ ਜੀ ਨੂੰ ਸਟੇਜ ਤੇ ਬੁਲਾ ਕੇ ਉਨ੍ਹਾਂ ਦੇ ਪੂਰਾ ਸਾਲ ਆਪਣੀ ਡਿਊਟੀ ਨਿਸ਼ਠਾ ਨਾਲ ਨਿਭਾਉਣ ਦੀ ਪ੍ਰਸ਼ੰਸਾ ਕੀਤੀ ਗਈ। ਕ੍ਰਿਸਮਸ ਦੇ ਤਿਉਹਾਰ ਦੀਆਂ ਖੁਸ਼ੀਆਂ ਮਨਾਉਣ ਵੇਲੇ ਤੋਹਫ਼ੇ ਦੇਣ ਦੀ ਰੀਤ ਨੂੰ ਨਿਭਾਇਆ ਗਿਆ। ਸਾਰੀਆਂ ਭੈਣਾਂ ਨੂੰ ਗਿਫ਼ਟ ਪੈਕ ਦਿੱਤੇ ਗਏ ਤਾਂ ਉਨ੍ਹਾਂ ਨੂੰ ਖੋਲ੍ਹ ਕੇ ਵੇਖ ਸਾਰਿਆਂ ਦੇ ਚਿਹਰੇ ਖੁਸ਼ੀ ਨਾਲ ਖਿੱੜ ਗਏ। ਅਜਿਹਾ ਵੇਖ ਪ੍ਰਬੰਧਕਾਂ ਨੂੰ ਵੀ ਤਸੱਲੀ ਭਰੀ ਖੁਸ਼ੀ ਹੋਈ।

ਹੁਣ ਹਾਜ਼ਰ ਭੈਣਾਂ ਦੀ ਸ਼ਮੂਲੀਅਤ ਦਾ ਦੌਰ ਸ਼ੁਰੂ ਹੋ ਗਿਆ। ਰਾਜਵੰਤ ਕੌਰ ਮਾਨ ਜੀ ਪੰਜਾਬ ਤੋਂ ਵਾਪਸ ਆਏ ਸਨ। ਉਨ੍ਹਾਂ ਦੱਸਿਆ ਕਿ ਉਹ ਉੱਥੇ ਗ਼ਮੀਆਂ ਅਤੇ ਖੁਸ਼ੀਆਂ ਵਿੱਚ ਸ਼ਾਮਲ ਹੋ ਕੇ ਆਏ ਹਨ। ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਸੰਗ੍ਰਿਹ ਹੈ ਅਤੇ ਅਸੀਂ ਇਸ ਤੋਂ ਭੱਜ ਨਹੀਂ ਸਕਦੇ ਹਾਂ। ਉਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਆਪਣੀ ਕਿਤਾਬ 'ਅਮਨ ਦੀ ਹੂਕ' ਰੀਲੀਜ਼ ਕੀਤੀ, ਉੱਥੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਵਲੋਂ ਉਨ੍ਹਾਂ ਨੂੰ ਬੜਾ ਆਦਰ ਸਤਿਕਾਰ ਮਿਲਿਆ। ਸੁਰਿੰਦਰ ਸੰਧੂ, ਅਮਰਜੀਤ ਵਿਰਦੀ, ਜਸਵਿੰਦਰ ਕੌਰ, ਅਤੇ ਚਰਨਜੀਤ ਬਾਜਵਾ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੇ ਗੀਤਾਂ ਨਾਲ ਹਾਜ਼ਰੀ ਲੁਆਈ।

ਸਭਾ ਦੀ ਖਜਾਨਚੀ ਕਿਰਨ ਕਲਸੀ ਨੇ ਇਸ ਸਾਲ ਸਭਾ ਦੀ ਪਿਆਰੀ ਮੈਂਬਰ ਤੇ ਉਨ੍ਹਾਂ ਦੀ ਨਜ਼ਦੀਕੀ ਭੈਣਾਂ ਵਰਗੀ ਰਿਸ਼ਤੇਦਾਰ ਅਮਰਜੀਤ ਕੌਰ ਦੇ ਸਦੀਵੀ ਵਿਛੋੜੇ ਨੂੰ ਭਰੇ ਗਲ਼ੇ ਨਾਲ ਯਾਦ ਕੀਤਾ ਅਤੇ ਛੋਟੇ ਸਾਬਿਜ਼ਾਦਿਆਂ ਦੀ ਸਹੀਦੀ ਦਾ ਦ੍ਰਿਸ਼ ਰੂਪਮਾਨ ਕਰਦੀ ਕਵਿਤਾ 'ਜਦੋਂ ਉਸਰੀ ਸੀ ਕੰਧ, ਦੰਗ ਰਹਿ ਗਏ ਸਭ' ਸਾਂਝੀ ਕੀਤੀ। ਸਰਬਜੀਤ ਉੱਪਲ ਨੇ ਆਪਣੇ ਪਰਿਵਾਰ ਵਿੱਚ ਨੰਨ੍ਹੀ ਪਰੀ ਦੇ ਰੂਪ ਵਿੱਚ ਸ਼ਾਮਲ ਹੋਈ ਆਪਣੀ ਪੋਤਰੀ ਦੇ ਜਨਮ ਦੀ ਖੁਸ਼ੀ ਸਾਂਝੀ ਕੀਤੀ ਅਤੇ ਨਾਲ ਹੀ ਹਸਪਤਾਲਾਂ ਵਿੱਚ ਹੋਣ ਵਾਲੀ ਖੱਜਲ ਖੁਆਰੀ ਦਾ ਜ਼ਿਕਰ ਵੀ ਕੀਤਾ। ਸਰਬਜੀਤ ਨੇ 'ਚੁੰਮ ਚੁੰਮ ਰੱਖਾਂ ਨੀ ਮੈਂ ਕਲਗੀ ਜੁਝਾਰ ਦੀ' ਗੀਤ ਵੀ ਸੁਣਾਇਆ। ਗੁਰਜੀਤ ਬੈਦਵਾਨ ਨੇ ਪੋਹ ਮਹੀਨੇ ਦੇ ਅਤਿ ਛੋਟੇ ਦਿਨਾਂ ਵਿੱਚ ਚੌਕੇ ਚੁੱਲ੍ਹੇ ਸਬੰਧੀ ਢੁੱਕਦੀ ਕਹਾਵਤ 'ਚੜ੍ਹਿਆ ਪੋਹ, ਤਵਾ ਲਾਹ ਤੇ ਤੌੜੀ ਧੋ' ਅਤੇ ਹੋਰ ਕਹਾਵਤਾਂ ਦੀ ਸਾਂਝ ਪਾਈ ਅਤੇ ਗੀਤ ਪੇਸ਼ ਕੀਤਾ। ਅਮਰਜੀਤ ਸੱਗੂ, ਜੁਗਿੰਦਰ ਪੁਰਬਾ ਅਤੇ ਸਾਥਣਾਂ ਨੇ ਬੋਲੀਆਂ ਪਾਉਣ ਦੀ ਪਿਰਤ ਬਰਕਰਾਰ ਰੱਖੀ।

ਸਭਾ ਦੀ ਮੈਂਬਰ ਹਰਜਿੰਦਰ ਕੌਰ ਜੀ ਨੇ ਆਪਣੀ ਦੋਹਤੀ ਦੀਪ ਸੇਖੋਂ ਨੂੰ, ਅਲਬਰਟਾ ਸੂਬੇ ਦੇ ਲੈਫਟੀਨੈਂਟ ਗਵਰਨਰ ਵਲੋਂ ਉਸ ਦੀਆਂ ਵਲੰਟੀਅਰ ਸੇਵਾਵਾਂ ਨੂੰ ਅਵਾਰਡ ਦੇ ਕੇ ਸਨਮਾਨਤ ਕੀਤੇ ਜਾਣ ਦੀ ਖੁਸ਼ੀ ਸਾਂਝੀ ਕੀਤੀ। ਉਨ੍ਹਾਂ ਦੇ ਨਵੀਆਂ ਪੈੜਾਂ ਪਾਉਣ ਦਾ ਸੁਨੇਹਾ ਦੇਂਦੇ ਬੋਲ 'ਸੜਕਾਂ ਤੇ ਤੁਰਨਾ ਵੀ ਕਾਹਦੀ ਮਰਦਾਨਗੀ, ਮਨਚਲੇ ਪਗਡੰਡੀਆਂ ਉਲੀਕਣ ਛੱਡ ਕੇ ਵਗਦੇ ਪਹੇ' ਨੂੰ ਤਾੜੀਆਂ ਦੀ ਭਰਵੀਂ ਦਾਦ ਦਿੱਤੀ ਗਈ। ਗੁਰਚਰਨ ਥਿੰਦ ਨੇ ਅੱਜ ਦੀ ਇਕੱਤਰਤਾ ਦਾ ਤੱਤਸਾਰ ਦਰਸਾਉਂਦੇ ਇਨ੍ਹਾਂ ਬੋਲਾਂ ਨੂੰ ਮੁੜ ਦੁਹਰਾਇਆ ਅਤੇ ਭਰਵੀਂ ਹਾਜ਼ਰੀ ਲਈ ਸਭ ਦਾ ਧੰਨਵਾਦ ਕਰਕੇ ਮੀਟਿੰਗ ਦੀ ਸਮਾਪਤੀ ਕਰ ਦਿੱਤੀ।

## ਲੇਹਲ ਪਰਿਵਾਰ ਨੇ ਪੋਤਰੇ ਦੇ ਜਨਮ ਦੀ ਖੁਸ਼ੀ ਵਿੱਚ 1000 ਡਾਲਰ ਦੀ ਰਾਸ਼ੀ ਐਸੋਸੀਏਸ਼ਨ ਨੂੰ ਦਿੱਤੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 11 ਦਸੰਬਰ 2023 ਸੋਮਵਾਰ ਵਾਲ਼ੇ ਦਿਨ ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਵੀਵੋ ਸੈਂਟਰ ਦੇ ਹਾਲ ਵਿੱਚ ਹੋਈ। ਸਕੱਤਰ ਸ: ਗੁਰਦਿਆਲ ਸਿੰਘ ਖਹਿਰਾ ਨੇ ਸ਼ਹਾਦਤਾਂ ਭਰੇ ਇਤਿਹਾਸ ਨੂੰ ਪ੍ਰਨਾਮ ਕਰਦਿਆਂ, ਤੀਸਰੀ ਪਾਤਸ਼ਾਹੀ ਦੇ ਇਸ ਸ਼ਬਦ ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ਨਾਲ ਆਰੰਭ ਕੀਤਾ। ਇੰਦਰਜੀਤ ਸਿੰਘ ਵਧਵਾ ਹੋਰਾਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ, ਮਾਤਾ ਗੁਜਰੀ ਜੀ ਦੇ ਬੋਲਾਂ ਨੂੰ ਦਰਸਾਉਂਦੀ ਹੋਈ ਕਵਿਤਾ ਪੜ੍ਹੀ। ਜੋਗਾ ਸਿੰਘ ਲੇਹਲ ਦੇ ਘਰ ਪੋਤਰੇ ਦੇ ਜਨਮ ਦੀ ਖ਼ਬਰ ਸਾਂਝੀ ਕਰਦਿਆਂ ਜੋਗਾ ਸਿੰਘ ਦੇ ਪਰਿਵਾਰ ਨੂੰ ਐਸੋਸੀਏਸ਼ਨ ਵੱਲੋਂ ਵਧਾਈ ਦਿੱਤੀ। ਪ੍ਰਵਾਰ ਵੱਲੋਂ ਪੋਤਰੇ ਦੇ ਜਨਮ ਦੀ ਖੁਸ਼ੀ ਵਿੱਚ 1000 ਡਾਲਰ ਦੀ ਰਾਸ਼ੀ ਐਸੋਸੀਏਸ਼ਨ ਨੂੰ ਦਿੱਤੀ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਜੋਗਾ ਸਿੰਘ ਦਾ ਧੰਨਵਾਦ ਕੀਤਾ। ਦਸੰਬਰ ਮਹੀਨੇ ਦੀ ਆਖਰੀ ਮੀਟਿੰਗ ਅਤੇ 15 ਜਨਵਰੀ 2024 ਨੂੰ ਆ ਰਹੇ ਲੋਹੜੀ ਦੇ ਤਿਉਹਾਰ ਤੇ ਹੋਣ ਵਾਲੀ ਮੀਟਿੰਗ ਦੀ ਰੂਪ ਰੇਖਾ ਸਾਂਝੀ ਕੀਤੀ। ਐਸੋਸੀਏਸ਼ਨ ਦੇ ਉੱਪ ਪ੍ਰਧਾਨ ਦਿਲਾਵਰ ਸਿੰਘ ਸਮਰਾ ਹੋਰਾਂ ਐਸੋਸੀਏਸ਼ਨ ਦੀ ਹਾਜ਼ਰੀ ਨੂੰ ਵੇਖਕੇ ਖ਼ੁਸ਼ੀ ਮਹਿਸੂਸ ਕਰਦਿਆਂ ਕਿਹਾ ਕਿ ਇਹ ਪੰਜਾਂ ਮੈਂਬਰਾਂ ਤੋਂ ਸ਼ੁਰੂ ਹੋਈ ਸੰਸਥਾ ਸ਼ੁਰੂ ਵਿੱਚ ਕੁੱਝ ਮੁਸ਼ਕਲਾਂ ਵਿੱਚੋਂ ਗੁਜ਼ਰੀ ਉਸ ਦਾ ਪਿਛੋਕੜ ਸੰਖੇਪ ਵਿੱਚ ਵਰਨਣ ਕੀਤਾ ਅਤੇ ਅਗਲੇਰੇ ਸਾਲਾਂ ਵਿੱਚ ਹੋਰ ਵੀ ਤਰੱਕੀ ਦੀ ਕਾਮਨਾ ਕੀਤੀ।

ਕਰਮ ਸਿੰਘ ਮੁੰਡੀ ਜਿਨ੍ਹਾਂ ਨੂੰ ਪੰਜਾਬ ਰਹਿੰਦਿਆਂ ਰੋਟਰੀ ਕਲੱਬ ਵਰਗੀਆਂ ਵੱਡੀਆਂ ਸੰਸਥਾਵਾਂ ਦੇ ਮੈਂਬਰ ਹੋਣ ਦਾ ਸੁਭਾਗ ਪ੍ਰਾਪਤ ਹੋਇਆ, ਉਨ੍ਹਾਂ ਆਪਣੇ ਤਜਰਬੇ ਵਿਚੋਂ ਐਨ ਸੀ ਸੀ ਏ ਦਾ ਮੈਂਬਰ ਹੋਣ ਤੇ ਵੀ ਮਾਣ ਮਹਿਸੂਸ ਕੀਤਾ। ਵਿਜੇ ਸੱਚਦੇਵਾ ਨੇ ਆਉਣ ਵਾਲੇ ਸਮੇਂ ਲਈ ਕੁੱਝ ਤਜਵੀਜ਼ ਪੇਸ਼ ਕੀਤੀ ਤੇ ਅੱਗੋਂ ਇੱਕ ਗੀਤ " ਹੋਸ਼ ਵਾਲੋਂ ਕੋ ਖ਼ਬਰ ਕਿਆ ਬੇਖ਼ੁਦੀ ਕਿਆ ਚੀਜ਼ ਹੈ " ਪੇਸ਼ ਕੀਤਾ। ਪਰਮਿੰਦਰ ਗਰੇਵਾਲ, ਜਰਨੈਲ ਸਿੰਘ ਤੱਗੜ,, ਡਾ: ਰਾਜਵੰਤ ਕੌਰ ਮਾਨ,ਲਖਬੀਰ ਸਿੰਘ ਜੌਹਲ਼, ਨੇ ਕਵਿਤਾਵਾਂ ਗ਼ਜ਼ਲਾਂ ਅਤੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ। ਦਰਸ਼ਨ ਸਿੰਘ ਧਾਲੀਵਾਲ ਨੇ ਭਾਈਚਾਰੇ ਨੂੰ ਦਰਪੇਸ ਮੁਸ਼ਕਿਲਾਂ ਦਾ ਜ਼ਿਕਰ ਕਰਦਿਆਂ ਕੁੱਝ ਮੁੱਦਿਆਂ ਤੇ ਸਭ ਦੀ ਰਾਇ ਲਈ।

ਬੀਬੀ ਚਰਨਜੀਤ ਕੌਰ ਬਾਜਵਾ ਨੇ ਸੁਰੀਲੀ ਆਵਾਜ਼ ਵਿੱਚ ਪੰਜਾਬ ਦੀ ਮਿੱਟੀ ਦਾ ਮੋਹ ਲੋਕ ਗੀਤ ਰਾਹੀਂ ਬਿਆਨਿਆ "ਮੇਰਾ ਰੰਗ ਸੰਧੂਰੀ ਹੈ ਮੈਂ ਗੋਰੀ ਚਿੱਟੀ ਹਾਂ ਮੈਨੂੰ ਮੈਲ਼ੀ ਨਾ ਕਰਨਾ ਮੈਂ ਪੰਜਾਬ ਦੀ ਮਿੱਟੀ ਹਾਂ। ਬੀਬੀ ਹਰਜਿੰਦਰ ਕੌਰ ਨੇ ਪਹਿਲੀ ਵਾਰ ਤਰੰਨਮ ਨਾਲ ਗਾ ਕੇ ਕਲਾ ਦੀ ਪ੍ਰਦਰਸ਼ਨੀ ਕੀਤੀ ਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦਾ ਗਾਇਆ ਲੋਕ ਗੀਤ" ਇੱਕ ਮੇਰੀ ਅੱਖ ਕਾਸ਼ਣੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ। ਸ਼ੀਸ਼ੇ ਨੂੰ ਤਰੇੜ ਆ ਗਈ ਵਾਲ ਵਾਹੁੰਦੀ ਨੇ ਧਿਆਨ ਜਦੋਂ ਮਾਰਿਆ" ਸੁਣਾਇਆ ਤਾਂ ਲਾਲ ਮੱਟੂ ਨੇ ਗੀਤ ਦੇ ਨਾਲ ਨਾਚ ਦੀ ਪ੍ਰਦਰਸ਼ਨੀ ਕੀਤੀ।

ਸ਼ਮਿੰਦਰ ਕਮੋਹ ਅਤੇ ਮਿਸਜ਼ ਕਮੋਹ ਨੇ ਖ਼ੂਬਸੂਰਤ ਆਵਾਜ਼ ਵਿੱਚ ਲੋਕ ਗੀਤ,"ਮਿੱਟੀ ਦਾ ਬਾਵਾ ਬਣਾਨੀਆਂ ਝੱਗਾ ਪਾਨੀਆਂ ਉੱਤੇ ਦੇਨੀਆਂ ਖੇਸੀ। ਨਾ ਰੋ ਮਿੱਟੀ ਦਿਆ ਬਾਵਿਆ ਤੇਰਾ ਪਿਓ ਪ੍ਰਦੇਸੀ ਗਾ ਕੇ ਵਾਹ ਵਾਹ ਖੱਟੀ। ਜੋਗਾ ਸਿੰਘ ਨੇ ਆਪਣੇ ਸੁਭਾਅ ਮੁਤਾਬਿਕ ਚੁੱਟਕਲਿਆ ਨਾਲ ਹਾਸੇ ਵਿਖੇਰੇ। ਭਰਵੀਂ ਹਾਜ਼ਰੀ ਵਾਲੀ ਇਸ ਮੀਟਿੰਗ ਦੇ ਸ਼ੁਰੂ ਵਿੱਚ ਚਾਹ ਦੇ ਨਾਲ ਸਨੈਕ ਅਤੇ ਅੰਤ ਵਿੱਚ ਪੀਜ਼ਾ ਵਰਤਾਇਆ ਗਿਆ ਗੁਰਦਿਆਲ ਸਿੰਘ ਖਹਿਰਾ ਨੇ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਕੀਤੀ।

## ਕੈਲਗਰੀ ਪੁਲਿਸ ਵਾਲੇ ਹੁਣ ਚੈੱਕ ਸਟਾਪ ਲਗਾਕੇ ਗੱਡੀਆਂ ਵਾਲਿਆਂ ਤੋਂ ਫੂਕਾਂ ਮਰਵਾਉਣ ਲੱਗ ਪਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਕੈਲਗਰੀ ਪੁਲਿਸ ਵੱਲੋਂ ਚੈਕ ਸਟਾਪ ਕੈਲਗਰੀ ਵਿੱਚ ਸਾਲ ਭਰ ਹੀ ਲਗਾਏ ਜਾਂਦੇ ਹਨ ਪਰ ਸਾਲ ਦੇ ਇਹਨੀ ਦਿਨੀ ਉਹ ਕਮਜ਼ੋਰ ਡਰਾਈਵਰਾਂ ਨੂੰ ਸੜਕ 'ਤੇ ਜਾਣ ਤੋਂ ਰੋਕਣ ਲਈ ਸੜਕਾਂ ਉੱਪਰ ਆਪਣੀਆਂ ਗੱਡੀਆਂ ਦੀ ਹਾਜਿਰੀ ਅਤੇ ਸੁਨੇਹਿਆਂ ਨੂੰ ਵਧਾਉਂਦੇ ਹਨ। ਇਸੇ ਮੁਹਿੰਮ ਤਹਿਤ ਬੀਤੇ ਸ਼ੁੱਕਰਵਾਰ ਦਾ ਚੈਕਸਟੌਪ ਸਟੋਨੀ ਟ੍ਰੇਲ ਸਾਊਥਵੈਸਟ 'ਤੇ ਆਯੋਜਿਤ ਕੀਤਾ ਗਿਆ ਸੀ।

ਚੈਕਸਟੌਪ 'ਤੇ ਰੋਕੇ ਗਏ ਸਾਰੇ ਡਰਾਈਵਰਾਂ ਨੂੰ ਸਾਹ ਦਾ ਟੈਸਟ ਦੇਣ ਲਈ ਕਿਹਾ ਜਾਂਦਾ ਹੈ, ਕਿਉਂਕਿ ਮੌਜੂਦਾ ਕਾਨੂੰਨ ਅਧਿਕਾਰੀਆਂ ਨੂੰ ਲਾਜ਼ਮੀ ਅਲਕੋਹਲ ਸਕ੍ਰੀਨਿੰਗ ਦੀ ਮੰਗ ਕਰਨ ਦੀ ਇਜਾਜ਼ਤ ਦਿੰਦਾ ਹੈ।

ਜੇਕਰ ਤੁਸੀਂ ਸਾਹ ਦਾ ਟੈਸਟ ਦੇਣ ਸਮੇਂ ਅਲਕੋਹਲ ਦੀ ਮਾਤਰਾ ਤੁਹਾਡੇ ਸਰੀਰ ਅੰਦਰ ਹੋਣ ਵਾਲੇ ਸਾਬਿਤ ਹੋ ਜਾਂਦੇ ਹੋ, ਤਾਂ ਤੁਹਾਨੂੰ ਤੁਰੰਤ 90-ਦਿਨਾਂ ਦੇ ਲਾਇਸੈਂਸ ਮੁਅੱਤਲੀ ਦਾ ਸਾਹਮਣਾ ਕਰਨਾ ਪੈਂਦਾ ਹੈ। ਤੁਹਾਡੀ ਗੱਡੀ ਵੀ 90 ਦਿਨਾਂ ਲਈ ਜ਼ਬਤ ਕੀਤੀ ਜਾਂਦੀ ਹੈ ਅਤੇ ਜੁਰਮਾਨਾ $1,000 ਹੈ।

ਜਦੋਂ ਤੁਹਾਨੂੰ ਤੁਹਾਡਾ ਲਾਇਸੈਂਸ ਵਾਪਿਸ ਮਿਲੇਗਾ ਤਾਂ ਇੰਟਰਲਾਕ ਪਰੋਗਰਾਮ ਤਹਿਤ ਇੱਕ ਸਾਲ ਲਈ ਆਪਣੀ ਕਾਰ ਵਿੱਚ ਬਲੋਬੌਕਸ ਭਾਵ ਫੂਕ ਮਾਰਕੇ ਗੱਡੀ ਸਟਰਾਟ ਕਰਨ ਵਾਲਾ ਯੰਤਰ ਲਗਾਕੇ ਰੱਖਣਾ ਪਵੇਗਾ ਤਾਂ ਕਿ ਤੁਸੀਂ ਫਿਰ ਦੁਬਾਰਾ ਸ਼ਰਾਬ ਪੀਕੇ ਗੱਡੀ ਚਲਾਉਣ ਵਾਲੀ ਗਲਤੀ ਨੂੰ ਦੁਹਰਾ ਨਾ ਸਕੋ।



















ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਚੌਥੀ ਲੋਕੇਸ਼ਨ
ਹੁਣ 104 ਐਵਨਿਊ ਵਾਲੀਆਂ ਲਾਈਟਾਂ ਉਪਰ
606 ਸਿਟੀ ਸਕੇਪ ਸਕੇਅਰ ਨਾਰਥ ਈਸਟ ਵਿੱਚ ਖੁੱਲ ਗਈ ਐ
Mega
Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ,
ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ,
ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ
ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
Mega Sanjha Punjab
403-266-5200
FOUR LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary
606 Cityscape Square NE Calgary, AB T3N 2A8


2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Nolan Hill
Unit 155, 50 Nolanridge Court NW "Calgary, AB
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ਼ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com